Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 166 11/11/2025 www.samajweekly.com samajweekly @samajweekly samajweekly

# ਦਿੱਲੀ ਦੇ ਲਾਲ ਕਿਲ੍ਹੇ ਨੇੜੇ ਭਿਆਨਕ ਧਮਾਕਾ, 11 ਮੌਤਾਂ ਤੇ 24 ਤੋਂ ਵੱਧ ਜ਼ਖਮੀ –ਪੰਜਾਬ, ਦਿੱਲੀ ਹਾਈ ਅਲਰਟ 'ਤੇ

**ਨਵੀਂ ਦਿਲੀ।** ਸੋਮਵਾਰ ਸ਼ਾਮ ਨੂੰ ਦਿੱਲੀ ਦੇ ਲਾਲ ਕਿਲ੍ਹਾ ਖੇਤਰ ਵਿੱਚ ਇੱਕ ਸ਼ਕਤੀਸ਼ਾਲੀ ਧਮਾਕੇ ਵਿੱਚ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ 20 ਤੋਂ ਵੱਧ ਜ਼ਖਮੀ ਹੋ ਗਏ।ਇਸ ਮੌਕੇ ਦਿੱਲੀ ਪੁਲਿਸ ਕਮਿਸ਼ਨਰ ਸਤੀਸ਼ ਗੋਲਚਾ ਨੇ ਦੱਸਿਆ ਕਿ ਧਮਾਕਾ ਫੋਰਟ ਮੈਟਰੋ ਸਟੇਸ਼ਨ ਦੇ ਗੇਟ ਨੰਬਰ 1 ਦੇ ਨੇੜੇ ਸ਼ਾਮ 6:52 ਵਜੇ ਹੋਇਆ। ਗ੍ਰਹਿ ਮੰਤਰੀ ਅਮਿਤ ਸ਼ਾਹ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਐਲਐਨਜੇਪੀ ਹਸਪਤਾਲ ਪਹੁੰਚੇ। ਉਹ ਵੀ ਥੋੜ੍ਹੀ ਦੇਰ ਵਿੱਚ ਘਟਨਾ ਸਥਾਨ 'ਤੇ





ਪਹੁੰਚਣਗੇ।

ਇਸ ਦੌਰਾਨ, ਪੁਲਿਸ ਨੇ ਇਲਾਕੇ ਨੂੰ ਸ਼ੀਲ ਕਰ ਦਿੱਤਾ ਹੈ। ਇੱਕ ਫੋਰੈਂਸਿਕ ਟੀਮ ਪਹੁੰਚ ਗਈ ਹੈ। ਨੇੜਲੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਐਨਆਈਏ ਅਤੇ ਐਨਐਸਜੀ ਨੂੰ ਵੀ ਘਟਨਾ ਸਥਾਨ 'ਤੇ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲ ਕਰਕੇ ਘਟਨਾ ਬਾਰੇ ਜਾਣਕਾਰੀ ਲਈ। ਧਮਾਕੇ ਤੋਂ ਬਾਅਦ ਪੰਜਾਬ, ਦਿੱਲੀ, ਮੁੰਬਈ, ਰਾਜਸਥਾਨ, ਉੱਤਰ ਪ੍ਰਦੇਸ਼, ਬਿਹਾਰ, ਹਰਿਆਣਾ ਅਤੇ ਉੱਤਰਾਖੰਡ ਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਨਵੀਂ ਦਿੱਲੀ ਵਿੱਚ ਹੋਏ ਧਮਾਕੇ ਦੇ ਮੱਦੇਨਜ਼ਰ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸੀਪੀ/ਐਸਐਸਪੀ ਨੂੰ ਅਲਰਟ ਰਹਿਣ ਲਈ ਕਿਹਾ ਗਿਆ ਹੈ, ਸੰਵੇਦਨਸ਼ੀਲ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ ਅਤੇ ਵਾਹਨਾਂ ਅਤੇ ਸ਼ੱਕੀ ਲੋਕਾਂ ਦੀ ਜਾਂਚ ਤੇਜ਼ ਕਰ ਦਿੱਤੀ ਗਈ ਹੈ।

## ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀਆਂ ਦਾ ਪ੍ਰਦਰਸ਼ਨ ਜਾਰੀ, 2000 ਪੁਲਿਸ ਕਰਮਚਾਰੀ ਤਾਇਨਾਤ, ਵਿਦਿਆਰਥੀਆਂ ਵੱਲੋਂ 'ਚੋਣਾਂ ਦੀ ਤਾਰੀਖ' ਦੀ ਮੰਗ

**ਚੰਡੀਗੜ੍ਹ।** ਚੰਡੀਗੜ੍ਹ ਸਥਿਤ ਪੰਜਾਬ ਯੂਨੀਵਰਸਿਟੀ (PU) ਇੱਕ ਵਾਰ ਫਿਰ ਵਿਵਾਦਾਂ ਅਤੇ ਵਿਰੋਧ ਪ੍ਰਦਰਸ਼ਨਾਂ ਦੇ ਕੇਂਦਰ 'ਚ ਆ ਗਈ ਹੈ। ਹਾਲ ਹੀ ਵਿੱਚ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਨੇ ਐਫਿਡੇਵਿਟ ਨਾਲ ਜੁੜਿਆ ਆਪਣਾ ਫੈਸਲਾ ਵਾਪਸ ਲੈ ਲਿਆ ਸੀ, ਜਦਕਿ ਕੇਂਦਰ ਸਰਕਾਰ ਨੇ ਵੀ ਸੀਨੇਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਵਾਲਾ ਨੋਟੀਫਿਕੇਸ਼ਨ ਰੱਦ ਕਰਨ ਦਾ ਐਲਾਨ ਕੀਤਾ ਸੀ,ਹੁਣ ਵਿਦਿਆਰਥੀਆਂ ਅਤੇ ਪ੍ਰਸ਼ਾਸਨ ਵਿਚਕਾਰ "ਚੋਣ ਦੀ ਤਾਰੀਖ" ਨੂੰ ਲੈ ਕੇ ਸਿੱਧਾ ਟਕਰਾਅ ਦੇਖਣ ਨੂੰ ਮਿਲ ਰਿਹਾ ਹੈ। ਵਿਦਿਆਰਥੀ ਸੰਗਠਨਾਂ ਨੇ ਪਹਿਲਾਂ 10 ਨਵੰਬਰ ਨੂੰ ਪ੍ਰਦਰਸ਼ਨ ਕਰਨ ਦੀ ਘੋਸ਼ਣਾ ਕੀਤੀ ਸੀ, ਪਰ ਪ੍ਰਸ਼ਾਸਨ ਅਤੇ













ਪੁਲਿਸ ਦੀ ਵਧਦੀ ਹਲਚਲ ਨੂੰ ਦੇਖਦੇ ਹੋਏ ਉਨ੍ਹਾਂ ਨੇ 9 ਨਵੰਬਰ ਦੀ ਰਾਤ ਹੀ ਵਿਰੋਧ ਸ਼ੁਰੂ ਕਰ ਦਿੱਤਾ। ਰਾਤ ਹੋਣ ਦੇ ਨਾਲ ਹੀ ਯੂਨੀਵਰਸਿਟੀ ਦਾ ਮਾਹੌਲ ਤਣਾਅਪੂਰਨ ਹੋ ਗਿਆ — ਵੱਡੀ ਗਿਣਤੀ ਵਿੱਚ ਵਿਦਿਆਰਥੀ ਗੇਟ ਨੰਬਰ 2 'ਤੇ ਇਕੱਠੇ ਹੋ ਗਏ ਅਤੇ "ਸੀਨੇਟ ਚੋਣ ਦੀ ਤਾਰੀਖ ਦਿਓ" ਤੇ "ਪੁਲਿਸ ਗੋ ਬੈਕ" ਦੇ ਨਾਅਰੇ ਲਗਾਉਣ ਲੱਗੇ। ਇਸ ਧਰਨੇ ਵਿੱਚ ਮਾਪੇ ਵੀ ਸ਼ਾਮਲ ਹੋ ਗਏ, ਜਿਨ੍ਹਾਂ ਦੀ ਪੁਲਿਸ ਕਰਮਚਾਰੀਆਂ ਨਾਲ ਬਹਿਸ ਵੀ ਹੋਈ। ਲਗਭਗ 2000 ਪੁਲਿਸ ਕਰਮਚਾਰੀਆਂ ਨੂੰ ਯੂਨੀਵਰਸਿਟੀ ਕੈਂਪਸ ਅਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਤਾਇਨਾਤ ਕੀਤਾ ਗਿਆ ਹੈ। ਪੁਲਿਸ ਨੇ ਯੂਨੀਵਰਸਿਟੀ ਦੇ ਮੁੱਖ ਗੇਟਾਂ 'ਤੇ ਬੈਰੀਕੇਡ ਲਗਾ ਦਿੱਤੇ ਹਨ ਅਤੇ ਭੀੜ 'ਤੇ ਕਾਬੂ ਪਾਉਣ ਲਈ ਵਾਧੂ ਸੁਰੱਖਿਆ ਬਲਾਂ ਨੂੰ ਵੀ ਬੁਲਾਇਆ ਗਿਆ ਹੈ।

# ਬਾਲੀਵੁੱਡ ਅਦਾਕਾਰ ਧਰਮਿੰਦਰ ਦੀ ਹਾਲਤ ਨਾਜ਼ੁਕ, ਬ੍ਰੀਚ ਕੈਂਡੀ ਹਸਪਤਾਲ ‘ਚ ਇਲਾਜ ਜਾਰੀ

**ਮੁੰਬਈ।** ਬਾਲੀਵੁੱਡ ਸੁਪਰਸਟਾਰ ਧਰਮਿੰਦਰ ਦਿਓਲ ਪਿਛਲੇ ਕਈ ਦਿਨਾਂ ਤੋਂ ਬੀਮਾਰ ਹਨ। ਸਾਹ ਲੈਣ ਵਿੱਚ ਤਕਲੀਫ਼ ਕਾਰਨ ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਹੁਣ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ ਹਸਪਤਾਲ ਵਿੱਚ ਉਨ੍ਹਾਂ ਦੇ ਨਾਲ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਦੀਆਂ ਧੀਆਂ ਨੂੰ ਅਮਰੀਕਾ ਤੋਂ ਬੁਲਾਇਆ ਜਾ ਰਿਹਾ ਹੈ। ਬਾਲੀਵੁੱਡ ਸੁਪਰਸਟਾਰ ਫਿਲਮ ਇੰਡਸਟਰੀ ਦੇ ਸਭ ਤੋਂ ਸੀਨੀਅਰ ਅਤੇ ਫਿੱਟ ਅਦਾਕਾਰਾਂ ਵਿੱਚੋਂ ਇੱਕ ਹਨ। ਹਾਲਾਂਕਿ, ਉਨ੍ਹਾਂ ਦੀ ਸਿਹਤ ਕੁਝ ਸਮੇਂ ਤੋਂ ਵਿਗੜ ਰਹੀ ਹੈ। ਕੁਝ ਦਿਨ ਪਹਿਲਾਂ ਹੀ ਖ਼ਬਰਾਂ ਆਈਆਂ ਸਨ ਕਿ 89 ਸਾਲਾ ਧਰਮਿੰਦਰ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ



ਗਿਆ ਸੀ। ਰਿਪੋਰਟਾਂ ਮੁਤਾਬਕ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਕਾਰਨ ਹਸਪਤਾਲ ਲਿਜਾਇਆ ਗਿਆ ਸੀ ਅਤੇ ਫਿਰ ਉਨ੍ਹਾਂ ਨੂੰ ਆਈਸੀਯੂ ਵਿੱਚ ਦਾਖਲ ਕਰਵਾਇਆ ਗਿਆ ਸੀ। ਧਰਮਿੰਦਰ ਦੀ ਦੂਜੀ ਪਤਨੀ ਹੇਮਾ ਮਾਲਿਨੀ ਨੇ ਵੀ ਪ੍ਰਸ਼ੰਸਕਾਂ ਨਾਲ ਉਨ੍ਹਾਂ ਦੀ ਹੈਲਥ ਅਪਡੇਟ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ। ਹਾਲਾਂਕਿ, ਹੁਣ ਖਬਰ ਆਈ ਹੈ ਕਿ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਧਰਮਿੰਦਰ ਦਾ ਪੂਰਾ ਪਰਿਵਾਰ ਇਸ ਸਮੇਂ ਹਸਪਤਾਲ ਵਿੱਚ ਹੈ ਅਤੇ ਡਾਕਟਰਾਂ ਦੀ ਨਿਗਰਾਨੀ ਹੇਠ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਇਸ ਦੌਰਾਨ ਪ੍ਰਸ਼ੰਸਕ ਧਰਮਿੰਦਰ ਦੀ ਸਿਹਤਯਾਬੀ ਲਈ ਲਗਾਤਾਰ ਪ੍ਰਾਰਥਨਾ ਕਰ ਰਹੇ ਹਨ। ਧਰਮਿੰਦਰ ਦਾ 8 ਦਸੰਬਰ ਨੂੰ 90ਵਾਂ ਜਨਮਦਿਨ ਹੈ।

# ਡੀਐਨਏ ਦੀ ਗੁੱਥੀ ਸੁਲਝਾਉਣ ਵਾਲੇ ਵਿਗਿਆਨੀ ਜੇਮਜ਼ ਵਾਟਸਨ ਦਾ ਦਿਹਾਂਤ

**ਤਿਰੂਵਨੰਤਪੁਰਮ ।** ਨੋਬਲ ਪੁਰਸਕਾਰ ਜੇਤੂ ਵਿਗਿਆਨੀ ਜੇਮਜ਼ ਵਾਟਸਨ ਦਾ 97 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਤਿਰੂਵਨੰਤਪੁਰਮ ਦੇ ਰਾਜੀਵ ਗਾਂਧੀ ਸੈਂਟਰ ਫਾਰ ਬਾਇਓਟੈਕਨਾਲੋਜੀ ਦੇ ਵਿਗਿਆਨੀਆਂ ਨੇ ਸੰਯੁਕਤ ਰਾਜ ਅਮਰੀਕਾ ਵਿਚ ਕੋਲਡ ਸਪਰਿੰਗ ਹਾਰਬਰ ਲੈਬਾਰਟਰੀ ਦੇ ਸਾਬਕਾ ਪ੍ਰਧਾਨ ਵਾਟਸਨ ਦੇ ਦੇਹਾਂਤ ’ਤੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਅਪਣੇ ਸ਼ੋਕ ਸੰਦੇਸ਼ ਵਿਚ ਰਾਜੀਵ ਗਾਂਧੀ ਸੈਂਟਰ ਫਾਰ ਬਾਇਓਟੈਕਨਾਲੋਜੀ ਦੇ ਡਾਇਰੈਕਟਰ (ਵਧੀਕ ਚਾਰਜ) ਡਾ. ਟੀ.ਆਰ. ਸੰਤੋਸ਼ ਕੁਮਾਰ ਨੇ ਕਿਹਾ ਕਿ ਜੇਮਜ਼ ਵਾਟਸਨ ਨੇ ਡੀਐਨਏ ਦੀ ਬਣਤਰ ਨੂੰ ਸਮਝ ਕੇ ਇਕ




ਮਹੱਤਵਪੂਰਨ ਵਿਗਿਆਨਕ ਖੋਜ ਕੀਤੀ, ਜਿਸ ਨੇ 20ਵੀਂ ਸਦੀ ਦੇ ਅਖੀਰ ਵਿਚ ਬਾਇਓਟੈਕਨਾਲੋਜੀ ਕ੍ਰਾਂਤੀ ਦੀ ਨੀਂਹ ਰੱਖੀ।

# ਜੰਮੂ-ਕਸ਼ਮੀਰ ਪੁਲਿਸ ਨੇ 2900 ਕਿਲੋਗ੍ਰਾਮ ਵਿਸਫੋਟਕ ਕੀਤੀ ਜ਼ਬਤ, 3 ਡਾਕਟਰਾਂ ਸਮੇਤ 7 ਗ੍ਰਿਫ਼ਤਾਰ

**ਸ੍ਰੀਨਗਰ/ਫਰੀਦਾਬਾਦ।** ਕਸ਼ਮੀਰ, ਹਰਿਆਣਾ ਅਤੇ ਉੱਤਰ ਪ੍ਰਦੇਸ਼ ’ਚ ਫੈਲੇ ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਤ-ਉਲ-ਹਿੰਦ ਦੇ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰ ਕੇ ਤਿੰਨ ਡਾਕਟਰਾਂ ਸਮੇਤ 8 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਕੋਲੋਂ 2,900 ਕਿਲੋਗ੍ਰਾਮ ਧਮਾਕਾਖੇਜ਼ ਸਮੱਗਰੀ ਜ਼ਬਤ ਕੀਤੀ ਗਈ ਹੈ। ਅਧਿਕਾਰੀਆਂ ਨੇ ਦਸਿਆ ਕਿ 15 ਦਿਨਾਂ ਦੀ ਕਾਰਵਾਈ ਤੋਂ ਬਾਅਦ ਗ੍ਰਿਫਤਾਰ ਕੀਤੇ ਗਏ ਲੋਕਾਂ ’ਚ ਫਰੀਦਾਬਾਦ ’ਚ ਕਸ਼ਮੀਰ ਦੇ ਡਾਕਟਰ ਮੁਜ਼ਮਿਲ ਗਨਾਈ ਅਤੇ ਲਖਨਊ ਦੇ ਡਾ. ਸ਼ਾਹੀਨ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਹਿਰਾਸਤ ’ਚ ਪੁੱਛ-ਪੜਤਾਲ ਲਈ ਹਵਾਈ ਜਹਾਜ਼ ਰਾਹੀਂ ਸ੍ਰੀਨਗਰ ਲਿਆਂਦਾ ਗਿਆ ਸੀ। ਉਸ ਦੀ ਕਾਰ ਵਿਚੋਂ ਏ.ਕੇ.-47 ਰਾਈਫਲ ਮਿਲੀ ਸੀ। ਅਧਿਕਾਰੀਆਂ ਨੇ ਦਸਿਆ ਕਿ ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਹਰਿਆਣਾ ਦੇ ਪੁਲਿਸ ਬਲਾਂ ਦੇ ਨਾਲ-ਨਾਲ ਕੇਂਦਰੀ ਏਜੰਸੀਆਂ ਦੇ ਸਾਂਝੇ ਆਪ੍ਰੇਸ਼ਨ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਨੇ ਇਸ ਬਾਰੇ ਜਾਣਕਾਰੀ ਨਹੀਂ ਦਿਤੀ ਕਿ ਗ੍ਰਿਫਤਾਰੀਆਂ ਕਦੋਂ ਹੋਈਆਂ ਸਨ। ਇਸ ਦੇ ਨਾਲ ਹੀ ਪੁਲਿਸ ਨੇ ਪਾਬੰਦੀਸ਼ੁਦਾ ਅਤਿਵਾਦੀ ਸਮੂਹਾਂ ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਤ-ਉਲ-ਹਿੰਦ (ਏ.ਜੀ.ਯੂ.ਐੱਚ.) ਦੇ ਦਹਿਸ਼ਤ ਫੈਲਾਉਣ ਦੇ ਇਰਾਦਿਆਂ ਨੂੰ ਨਾਕਾਮ ਕਰ ਦਿਤਾ ਹੈ। 2,900 ਕਿਲੋਗ੍ਰਾਮ ਧਮਾਕਾਖੇਜ਼ ਸਮੱਗਰੀ ਵਿਚ ਅਮੋਨੀਅਮ ਨਾਈਟ੍ਰੇਟ, ਪੋਟਾਸ਼ੀਅਮ ਨਾਈਟ੍ਰੇਟ ਅਤੇ ਸਲਫਰ ਸ਼ਾਮਲ ਹਨ। ਜੰਮੂ-ਕਸ਼ਮੀਰ ਪੁਲਿਸ ਨੇ ਇਕ ਬਿਆਨ ’ਚ ਕਿਹਾ ਕਿ ਫਰੀਦਾਬਾਦ ’ਚ ਗਨਾਈ ਦੇ ਕਿਰਾਏ




ਉਤੇ ਰੱਖੀ ਗਈ ਰਿਹਾਇਸ਼ ਤੋਂ 360 ਕਿਲੋਗ੍ਰਾਮ ਜਲਣਸ਼ੀਲ ਸਮੱਗਰੀ ਅਤੇ ਕੁੱਝ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਗਿਆ ਹੈ। ਇਸ ਵਿਚ ਵੱਖ-ਵੱਖ ਥਾਵਾਂ ਉਤੇ ਬਰਾਮਦ ਕੀਤੀ ਗਈ ਚੀਨੀ ਸਟਾਰ ਪਿਸਤੌਲ, ਗੋਲਾ ਬਾਰੂਦ ਨਾਲ ਇਕ ਬੇਰੇਟਾ ਪਿਸਤੌਲ, ਗੋਲਾ-ਬਾਰੂਦ ਵਾਲੀ ਏ.ਕੇ. 56 ਰਾਈਫਲ, ਗੋਲਾ ਬਾਰੂਦ ਨਾਲ ਇਕ ਏ.ਕੇ. ਕ੍ਰਿੰਕੋਵ ਰਾਈਫਲ ਦੇ ਨਾਲ-ਨਾਲ ਵਿਸਫੋਟਕ, ਰਸਾਇਣ, ਰੀਏਜੈਂਟਸ, ਜਲਣਸ਼ੀਲ ਸਮੱਗਰੀ, ਇਲੈਕਟ੍ਰਾਨਿਕ ਸਰਕਟ, ਬੈਟਰੀਆਂ, ਤਾਰਾਂ, ਰਿਮੋਟ ਕੰਟਰੋਲ, ਟਾਈਮਰ ਅਤੇ ਧਾਤੂ ਦੀਆਂ ਚਾਦਰਾਂ ਸ਼ਾਮਲ ਹਨ। ਨਵੀਂ ਦਿੱਲੀ ਦੇ ਨਾਲ ਲਗਦੇ ਹਰਿਆਣਾ ਕਸਬੇ ਦੀ ਅਲ ਫਲਾਹ ਯੂਨੀਵਰਸਿਟੀ ਦੇ ਅਧਿਆਪਕ ਗਨਾਈ ਨੂੰ ਜੰਮੂ-ਕਸ਼ਮੀਰ ਪੁਲਿਸ ਨੇ ਸ਼੍ਰੀਨਗਰ ਵਿਚ ਜੈਸ਼-ਏ-ਮੁਹੰਮਦ ਦੇ ਸਮਰਥਨ ਵਿਚ ਪੋਸਟਰ ਲਗਾਉਣ ਦੇ ਮਾਮਲੇ ਵਿਚ ਲੋੜੀਂਦੇ ਵਿਅਕਤੀ ਵਜੋਂ ਨਾਮਜ਼ਦ ਕਰਨ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ। ਗ੍ਰਿਫਤਾਰ ਕੀਤੇ ਗਏ ਅੱਠ ਲੋਕਾਂ ਵਿਚੋਂ ਸੱਤ ਕਸ਼ਮੀਰ ਦੇ ਰਹਿਣ ਵਾਲੇ ਹਨ, ਜਿਨ੍ਹਾਂ ’ਚ ਆਰਿਫ ਨਿਸਾਰ ਡਾਰ ਉਰਫ ਸਾਹਿਲ, ਯਾਸਿਰ-ਉਲ-ਅਸ਼ਰਫ ਅਤੇ ਮਕਸੂਦ ਅਹਿਮਦ ਦਾਰ ਉਰਫ ਸ਼ਾਹਿਦ ਸ਼੍ਰੀਨਗਰ ਦੇ ਨੌਗਾਮ ਦਾ ਰਹਿਣ ਵਾਲਾ ਹੈ। ਸ਼ੋਪੀਆਂ ਤੋਂ ਮੌਲਵੀ ਇਰਫਾਨ ਅਹਿਮਦ; ਜ਼ਮੀਰ ਅਹਿਮਦ ਅਹੰਗਰ ਉਰਫ ਮੁਤਲਾਸ਼ਾ ਵਾਸੀ ਗੰਦਰਬਲ ਦੇ ਵਕੂਰਾ ਇਲਾਕੇ; ਪੁਲਵਾਮਾ ਦੇ ਕੋਇਲ ਖੇਤਰ ਦੇ ਡਾ. ਮੁਜ਼ੱਮਿਲ ਅਹਿਮਦ ਗਨਾਈ ਉਰਫ ਮੁਸਾਇਬ ਅਤੇ ਕੁਲਗਾਮ ਦੇ ਵਾਨਪੋਰਾ ਖੇਤਰ ਤੋਂ ਡਾ. ਅਦੀਲ। ਡਾ. ਸ਼ਾਹੀਨ ਲਖਨਊ ਵਿਚ ਰਹਿੰਦੇ ਹਨ। ਅਧਿਕਾਰੀਆਂ ਨੇ ਦਸਿਆ ਕਿ ਗਨਾਈ ਅਤੇ ਅਦੀਲ ਦੇ ਫੋਨ ਉਤੇ ਕਈ ਪਾਕਿਸਤਾਨੀ ਨੰਬਰ ਮਿਲੇ ਹਨ। ਉਹ ਨੈਟਵਰਕ ਦੇ ਸੰਭਾਵਤ ਹੈਂਡਲਰ ਹੋ ਸਕਦੇ ਹਨ। ਦੱਸਣਯੋਗ ਹੈ ਕਿ 19 ਅਕਤੂਬਰ ਨੂੰ ਸ਼ਹਿਰ ਦੇ ਬੁਨ-ਪੋਰਾ ਨੌਗਾਮ ਇਲਾਕੇ ’ਚ ਵੱਖ-ਵੱਖ ਥਾਵਾਂ ਉਤੇ ਜੈਸ਼-ਏ-ਮੁਹੰਮਦ ਦੇ ਕਈ ਪੋਸਟਰ ਚਿਪਕਾਏ ਗਏ ਸਨ, ਜਿਨ੍ਹਾਂ ’ਚ ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਧਮਕਾਇਆ ਗਿਆ ਸੀ। ਇਹ ਜਾਂਚ ਦਾ ਸ਼ੁਰੂਆਤੀ ਬਿੰਦੂ ਸੀ, ਜਿਸ ਨਾਲ ਅੰਤਰ-ਰਾਜੀ ਅਤਿਵਾਦੀ ਨੈਟਵਰਕ ਦਾ ਪਰਦਾਫਾਸ਼ ਹੋਇਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਤਰਨ ਤਾਰਨ ਜ਼ਿਮਨੀ ਚੋਣ 'ਚ ਵੋਟ ਪਾਉਣ ਲਈ 11 ਨਵੰਬਰ ਨੂੰ ਤਨਖਾਹ ਵਾਲੀ ਛੁੱਟੀ ਘੋਸ਼ਿਤ

**ਚੰਡੀਗੜ੍ਹ।** ਪੰਜਾਬ ਵਿਧਾਨ ਸਭਾ ਦੇ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ 11 ਨਵੰਬਰ 2025 (ਮੰਗਲਵਾਰ) ਨੂੰ ਵੋਟਾਂ ਪੈਣੀਆਂ ਹਨ। ਇਸ ਦਿਨ ਇਨ੍ਹਾਂ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹਲਕਾ ਤਰਨ ਤਾਰਨ ਵਿਖੇ ਸਥਿਤ ਸਾਰੇ ਸਰਕਾਰੀ ਦਫਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਵਿਦਿਅਕ ਅਦਾਰਿਆਂ ਲਈ ਸਥਾਨਕ ਛੁੱਟੀ ਸਮੇਤ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਘੋਸ਼ਿਤ ਕੀਤੀ ਗਈ ਹੈ। ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਜੇਕਰ ਕੋਈ ਸਰਕਾਰੀ ਅਧਿਕਾਰੀ/ਕਰਮਚਾਰੀ ਤਰਨ ਤਾਰਨ ਹਲਕੇ ਦਾ ਵੋਟਰ ਹੈ ਅਤੇ ਪੰਜਾਬ ਦੇ ਸਰਕਾਰੀ ਦਫਤਰਾਂ, ਬੋਰਡਾਂ/ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਕੰਮ ਕਰਦਾ ਹੈ ਤਾਂ ਉਹ ਵੋਟ ਪਾਉਣ ਲਈ ਆਪਣਾ ਵੋਟਰ ਕਾਰਡ ਪੇਸ਼ ਕਰਕੇ ਸਬੰਧਤ ਅਥਾਰਟੀ ਤੋਂ ਇਹ ਸਪੈਸ਼ਲ ਛੁੱਟੀ ਲੈ ਸਕੇਗਾ। ਇਹ ਛੁੱਟੀ ਅਧਿਕਾਰੀਆਂ/ਕਰਮਚਾਰੀਆਂ ਦੇ ਛੁੱਟੀਆਂ ਦੇ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ। ਲੋਕ ਪ੍ਰਤੀਨਿਧਤਾ ਐਕਟ




1951 ਦੀ ਧਾਰਾ 135-ਬੀ (1) ਦੇ ਤਹਿਤ ਵੀ ਇਹ ਤਨਖਾਹ ਵਾਲੀ ਛੁੱਟੀ ਘੋਸ਼ਿਤ ਕੀਤੀ ਗਈ ਹੈ। ਇਹ ਛੁੱਟੀ ਉਦਯੋਗਿਕ ਅਦਾਰਿਆਂ, ਕਾਰੋਬਾਰਾਂ, ਵਪਾਰਾਂ, ਦੁਕਾਨਾਂ ਜਾਂ ਹੋਰ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ 'ਤੇ ਲਾਗੂ ਹੁੰਦੀ ਹੈ, ਜੋ ਜ਼ਿਮਨੀ ਚੋਣ ਲਈ ਵੋਟਿੰਗ ਵਾਲੇ ਦਿਨ ਵੋਟ ਪਾਉਣ ਦੇ ਹੱਕਦਾਰ ਹਨ। ਇਸ ਤੋਂ ਇਲਾਵਾ ਪੰਜਾਬ ਦੁਕਾਨਾਂ ਅਤੇ ਕਾਰੋਬਾਰੀ ਅਦਾਰਿਆਂ ਐਕਟ 1958 ਦੀ ਧਾਰਾ 28 ਅਧੀਨ ਹਲਕੇ ਦੇ ਉਦਯੋਗਿਕ ਅਦਾਰਿਆਂ ਅਤੇ ਦੁਕਾਨਾਂ ਵਿੱਚ ਕੰਮ ਕਰਨ ਵਾਲੇ ਸਾਰੇ ਕਾਮਿਆਂ, ਜੋ ਕਿ ਹਲਕੇ ਦੇ ਵੋਟਰ ਹਨ, ਲਈ ਵੀ ਛੁੱਟੀ ਐਲਾਨੀ ਗਈ ਹੈ। ਇਸ ਲਈ ਵੋਟ ਪਾਉਣ ਵਾਲੇ ਕਰਮਚਾਰੀ ਨੂੰ ਕੰਮ ਕਰਨ ਲਈ ਬੁਲਾਇਆ ਨਹੀਂ ਜਾ ਸਕਦਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫ਼ਰੀਦਾਬਾਦ ਵਿੱਚ ਡਾਕਟਰ ਦੇ ਘਰੋਂ ਭਾਰੀ ਮਾਤਰਾ ਵਿੱਚ ਆਰ ਡੀ ਐਕਸ ਬਰਾਮਦ



**ਫ਼ਰੀਦਾਬਾਦ।** ਹਰਿਆਣਾ ਦੇ ਫਰੀਦਾਬਾਦ ਵਿੱਚ ਜੰਮੂ-ਕਸ਼ਮੀਰ ਪੁਲੀਸ ਨੇ ਗੁਪਤ ਜਾਣਕਾਰੀ ਦੇ ਅਧਾਰ ਤੇ ਕੀਤੀ ਕਾਰਵਾਈ ਦੌਰਾਨ ਇੱਕ ਡਾਕਟਰ ਦੇ ਕਿਰਾਏ ਦੇ ਘਰ ਵਿੱਚੋਂ ਕਰੀਬ 300 ਕਿਲੋਗ੍ਰਾਮ ਆਰਡੀਐਕਸ, ਇੱਕ ਏਕੇ-56 ਰਾਈਫਲ, ਕਾਰਤੂਸ ਅਤੇ ਹੋਰ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਹੈ। ਛਾਪੇਮਾਰੀ ਦੌਰਾਨ 84 ਕਾਰਤੂਸਾਂ ਵਾਲੇ 14 ਬੈਗ, 5 ਲਿਟਰ ਰਸਾਇਣ ਅਤੇ ਦੋ ਆਟੋਮੈਟਿਕ ਪਿਸਤੌਲ ਵੀ ਮਿਲੇ। ਇਹ ਕਾਰਵਾਈ ਡਾ. ਆਦਿਲ ਅਹਿਮਦ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ ਤੇ ਕੀਤੀ ਗਈ ਸੀ, ਜਿਸ ਨੂੰ ਜੰਮੂ-ਕਸ਼ਮੀਰ ਪੁਲੀਸ ਨੇ 7 ਨਵੰਬਰ ਨੂੰ ਸਹਾਰਨਪੁਰ (ਉੱਤਰ ਪ੍ਰਦੇਸ਼) ਤੋਂ ਗ੍ਰਿਫ਼ਤਾਰ ਕੀਤਾ ਸੀ। ਪੁੱਛਗਿੱਛ ਦੌਰਾਨ, ਉਸ ਨੇ ਫਰੀਦਾਬਾਦ ਵਿੱਚ ਵਿਸਫੋਟਕ ਸਮੱਗਰੀ ਲੁਕਾਉਣ ਦੀ ਗੱਲ ਕਬੂਲ ਕੀਤੀ। ਡਾ. ਆਦਿਲ ਮੂਲ ਰੂਪ ਵਿੱਚ ਅਨੰਤਨਾਗ (ਜੰਮੂ-ਕਸ਼ਮੀਰ) ਦਾ ਰਹਿਣ ਵਾਲਾ ਹੈ ਅਤੇ ਪਹਿਲਾਂ ਜਨਰਲ ਮੈਡੀਕਲ ਕਾਲਜ ਅਤੇ ਹਸਪਤਾਲ ਅਨੰਤਨਾਗ ਵਿੱਚ ਪ੍ਰੈਕਟਿਸ ਕਰਦਾ ਸੀ। 2024 ਵਿੱਚ ਅਸਤੀਫਾ ਦੇਣ ਤੋਂ ਬਾਅਦ, ਉਸ ਨੇ ਸਹਾਰਨਪੁਰ ਵਿੱਚ ਇੱਕ ਡਾਕਟਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੁਲੀਸ ਜਾਂਚ ਤੋਂ ਪਤਾ ਲੱਗਾ ਕਿ ਉਸ ਨੇ ਤਿੰਨ ਮਹੀਨੇ ਪਹਿਲਾਂ ਫਰੀਦਾਬਾਦ ਵਿੱਚ ਇੱਕ ਕਮਰਾ ਕਿਰਾਏ ਤੇ ਲਿਆ ਸੀ, ਜਿਸ ਨੂੰ ਉਹ ਸਿਰਫ਼ ਆਪਣਾ ਸਮਾਨ ਸਟੋਰ ਕਰਨ ਲਈ ਵਰਤਦਾ ਸੀ। ਆਦਿਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਇੱਕ ਹੋਰ ਡਾਕਟਰ ਮੁਜਾਹਿਲ ਸ਼ਕੀਲ ਨੂੰ ਉਸ ਦੀ ਜਾਣਕਾਰੀ ਦੇ ਆਧਾਰ ਤੇ ਪੁਲ-ਵਾਮਾ (ਕਸ਼ਮੀਰ) ਤੋਂ ਹਿਰਾਸਤ ਵਿੱਚ ਲਿਆ ਗਿਆ। ਦੋਵਾਂ ਤੋਂ ਸਾਂਝੇ ਤੌਰ ਤੇ ਪੁੱਛਗਿੱਛ ਕੀਤੀ ਜਾ ਰਹੀ ਹੈ। ਛਾਪੇਮਾਰੀ ਦੌਰਾਨ, 10 ਤੋਂ 12 ਪੁਲੀਸ ਵਾਹਨ ਮੌਕੇ ਤੇ ਪਹੁੰਚੇ, ਅਤੇ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ। ਪੁਲੀਸ ਇਸ ਸਮੇਂ ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਗੁਜਰਾਤ ਵਿਚਕਾਰ ਇੱਕ ਸੰਭਾਵੀ ਨੈਟਵਰਕ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਅਨੁਸਾਰ, ਬਰਾਮਦ ਕੀਤੀ ਗਈ ਆਰਡੀਐਕਸ ਦੀ ਮਾਤਰਾ ਇੰਨੀ ਵੱਡੀ ਹੈ ਕਿ ਇਸ ਦੀ ਵਰਤੋਂ ਕਿਸੇ ਵੱਡੇ ਧਮਾਕੇ ਜਾਂ ਦਹਿਸ਼ਤੀ ਸਰਗਰਮੀ ਦੀ ਸਾਜ਼ਿਸ਼ ਘੜਨ ਲਈ ਕੀਤੀ ਜਾ ਸਕਦੀ ਸੀ। ਕੌਮੀ ਜਾਂਚ ਏਜੰਸੀ ਅਤੇ ਖੁਫੀਆ ਬਿਊਰੋ ਵੀ ਇਸ ਮਾਮਲੇ ਵਿੱਚ ਸ਼ਾਮਲ ਹੋਏ ਹਨ। ਪੁਲੀਸ ਸੂਤਰਾਂ ਦਾ ਕਹਿਣਾ ਹੈ ਕਿ ਇਹ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਵਿਸਫੋਟਕ ਜ਼ਬਤੀਆਂ ਵਿੱਚੋਂ ਇੱਕ ਹੈ ਅਤੇ ਇੱਕ ਅੰਤਰਰਾਜੀ ਅਤਿਵਾਦੀ ਨੈਟਵਰਕ ਦਾ ਪਰਦਾਫਾਸ਼ ਕਰ ਸਕਦੀ ਹੈ।

# ਪੰਜਾਬ ਯੂਨੀਵਰਸਿਟੀ ਸੰਘਰਸ਼ ਮਾਮਲੇ ਵਿਚ ਚੰਡੀਗੜ੍ਹ ਜਾ ਰਹੇ ਕਿਸਾਨਾਂ ਦੀ ਫੜੋ-ਫੜੀ ਸ਼ੁਰੂ



**ਮਾਨਸਾ।** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਵੱਲੋਂ ਲੱਗੇ ਪੱਕੇ ਮੋਰਚੇ ਦੀ ਹਮਾਇਤ ਲਈ ਜਾਣ ਵਾਲੇ ਕਿਸਾਨ ਆਗੂਆਂ ਦੀ ਪੁਲੀਸ ਨੇ ਫੜੋ ਫੜੀ ਸ਼ੁਰੂ ਕਰ ਦਿੱਤੀ ਹੈ। ਮਾਨਸਾ ਤੋਂ ਰਵਾਨਾ ਹੋਏ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਨੂੰ ਅੱਜ ਚੰਡੀਗੜ੍ਹ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਪੁਲੀਸ ਨੇ ਕਾਬੂ ਕਰ ਕੇ ਬੈਠਾ ਲਿਆ ਹੈ ਅਤੇ ਅੱਗੇ ਨਹੀਂ ਜਾਣ ਦਿੱਤਾ ਗਿਆ। ਇਸ ਦੀ ਜਾਣਕਾਰੀ ਉਨ੍ਹਾਂ ਨੇ ਇਸ ਪੱਤਰਕਾਰ ਨੂੰ ਫੋਨ ਕਰਕੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਦੀ ਸਰਕਾਰ ਵੱਲੋਂ ਜੋ ਪੰਜਾਬ ਦੇ ਹੱਕਾਂ ਤੇ ਡਾਕੇ ਮਾਰਨ ਦਾ ਸਿਲਸਿਲਾ ਵਿੱਢਿਆ ਹੋਇਆ ਹੈ, ਉਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

# ਰਾਜਵੀਰ ਜਵੰਦਾ ਦੇ ਪ੍ਰਸ਼ੰਸਕਾਂ ਲਈ ਖੁਸ਼ਖਬਰੀ: 'ਯਮਲਾ' ਫਿਲਮ 28 ਨਵੰਬਰ ਨੂੰ ਹੋਵੇਗੀ ਰਿਲੀਜ਼




**ਚੰਡੀਗੜ੍ਹ।** ਪੰਜਾਬੀ ਗਾਇਕ ਰਾਜਵੀਰ ਜਵੰਦਾ ਦੇ ਅਭਿਨੈ ਵਾਲੀ 'ਯਮਲਾ' ਫਿਲਮ ਦੀ ਰਿਲੀਜ ਡੇਟ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਫਿਲਮ 28 ਨਵੰਬਰ ਨੂੰ ਸਿਨੇਮਾਘਰਾਂ ਵਿਚ ਰਿਲੀਜ ਹੋਣ ਜਾ ਰਹੀ ਹੈ, ਜਿਸ ਵਿਚ ਰਾਜਵੀਰ ਜਵੰਦਾ ਦੀ ਝਲਕ ਨਜਰ ਆਏਗੀ। ਰਾਜਵੀਰ ਨੂੰ ਚਾਹੁਣ ਵਾਲੇ ਇਸ ਫਿਲਮ ਦੀ ਰਿਲੀਜ ਦੀ ਮੰਗ ਕਰ ਰਹੇ ਸਨ। ਹੁਣ ਫਿਲਮ ਕੰਪਨੀ ਨੇ ਇਸ ਨੂੰ ਲੈ ਕੇ ਇੱਕ ਪੋਸਟਰ ਜਾਰੀ ਕੀਤਾ ਹੈ, ਜਿਸ ਵਿਚ ਰਾਜਵੀਰ ਜਵੰਦਾ ਦੀ ਤਸਵੀਰ ਲੱਗੀ ਹੋਈ ਹੈ ਤੇ ਨਾਲ ਹੀ ਫਿਲਮ ਦੀ ਰਿਲੀਜ ਡੇਟ 28 ਨਵੰਬਰ ਵੀ ਲਿਖੀ ਹੋਈ ਹੈ।ਜਾਣਕਾਰੀ ਮੁਤਾਬਕ ਫਿਲਮ 'ਯਮਲਾ' ਦੀ ਸ਼ੂਟਿੰਗ 2019 ਵਿੱਚ ਸ਼ੁਰੂ ਹੋਈ ਸੀ। ਰਾਕੇਸ਼ ਮਹਿਤਾ ਵੱਲੋਂ ਨਿਰਦੇਸ਼ਿਤ, ਇਸ ਫਿਲਮ ਵਿੱਚ ਰਾਜਵੀਰ ਜਵੰਦਾ, ਸਾਨਵੀ ਧੀਮਾਨ, ਗੁਰਪ੍ਰੀਤ ਘੁੱਗੀ, ਹਾਰਬੀ ਸੰਘਾ, ਰਘਵੀਰ ਬੋਲੀ ਅਤੇ ਨਵਨੀਤ ਕੌਰ ਢਿੱਲੋਂ ਨੇ ਅਭਿਨੈ ਕੀਤਾ ਹੈ। ਫਿਲਮ ਦਾ ਨਿਰਮਾਣ ਬੇਲੀ ਸਿੰਘ ਕੱਕੜ ਵੱਲੋਂ ਕੀਤਾ ਗਿਆ ਸੀ। ਸ਼ੂਟਿੰਗ ਅੰਮ੍ਰਿਤਸਰ ਸਮੇਤ ਵੱਖ-ਵੱਖ ਥਾਵਾਂ 'ਤੇ ਹੋਈ, ਪਰ ਰਿਲੀਜ਼ ਮਿਤੀ ਦਾ ਐਲਾਨ ਨਹੀਂ ਕੀਤਾ ਗਿਆ ਸੀ। ਦੱਸ ਦੇਈਏ ਕਿ ਰਾਜਵੀਰ ਜਵੰਦਾ 8 ਅਕਤੂਬਰ ਨੂੰ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਸਨ, ਜਿਸ ਤੋਂ ਬਾਅਦ ਪੂਰੇ ਪੰਜਾਬ ਵਿਚ ਸੋਗ ਦੀ ਲਹਿਰ ਫੈਲ ਗਈ ਸੀ। 27 ਸਤੰਬਰ ਨੂੰ ਰਾਜਵੀਰ ਜਵੰਦਾ ਆਪਣੀ ਬਾਈਕ 'ਤੇ ਬੱਦੀ ਤੋਂ ਸ਼ਿਮਲਾ ਜਾ ਰਹੇ ਸਨ। ਰਸਤੇ ਵਿੱਚ, ਪਿੰਜੌਰ ਨੇੜੇ ਬਲਦਾਂ ਦੀ ਲੜਾਈ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ, ਉਨ੍ਹਾਂ ਦੀ ਬਾਈਕ ਹਾਦਸਾਗ੍ਰਸਤ ਹੋ ਗਈ। ਉਹ 11 ਦਿਨਾਂ ਲਈ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਹਸਪਤਾਲ ਵਿੱਚ ਭਰਤੀ ਸਨ। ਛੋਟੇ ਤੋਂ ਲੈ ਕੇ ਵੱਡਾ, ਕਲਾਕਾਰ ਤੋਂ ਲੈ ਕੇ ਆਮ ਲੋਕ ਜਵੰਦਾ ਦੀ ਸਲਾਮਦੀ ਦੀ ਅਰਦਾਸ ਕਰ ਰਹੇ ਸਨ ਪਰ ਉਸ ਦੀ ਜਿੰਦਗੀ ਨਾ ਬਚ ਸਕੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਭਰਥਲਾ ਵਿਖੇ ਅਧਿਆਪਕਾਂ ਦੇ ਪਹਿਲੇ ਗਰੁੱਪ ਦਾ ਸੈਮੀਨਾਰ ਸਮਾਪਤ

**ਨਵਾਂਸ਼ਹਿਰ /ਕਾਠਗੜ੍ਹ, ( ਜਤਿੰਦਰ ਪਾਲ ਸਿੰਘ ਕਲੇਰ )** ਅੱਜ ਸਰਕਾਰੀ ਪ੍ਰਾਇਮਰੀ ਸਕੂਲ ਭਰਥਲਾ ਵਿਖੇ ਅਧਿਆਪਕਾਂ ਦੇ ਪਹਿਲੇ ਗਰੁੱਪ ਦੇ ਪ੍ਰੀ ਪ੍ਰਾਇਮਰੀ ਦੇ ਅਧਿਆਪਕਾਂ ਅਤੇ ਸੀ ਐਚ ਟੀ ਦੀ (ਟ੍ਰੇਨਿੰਗ) ਸੈਮੀਨਾਰ ਦੀ ਸਮਾਪਤੀ ਹੋ ਗਈ । ਬਲਾਕ ਨੋਡਲ ਅਫ਼ਸਰ ਗਿਆਨ ਸਿੰਘ ਕਟਾਰੀਆ ਨੇ ਕਿਹਾ ਕਿ ਅਧਿਆਪਕਾਂ ਦੀਆਂ ਅਜਿਹੀਆਂ ਟ੍ਰੇਨਿੰਗਾ ਲੱਗਦੀਆਂ ਰਹਿਣੀਆਂ ਚਾਹੀਦੀਆਂ ਹਨ । ਬਲਾਕ ਰਿਸੋਰਸ ਪਰਸਨ ਰੀਨਾ ਚੌਧਰੀ, ਚਰਨਜੀਤ ਸਿੰਘ ਸਿਆਣ, ਅਤੇ ਹਰਜੀਤ ਸਿੰਘ ਸਹੋਤਾ ਨੇ ਹਾਜਰ ਅਧਿਆਪਕਾਂ ਨੂੰ



ਪ੍ਰੀ ਪ੍ਰਾਇਮਰੀ ਦੇ ਬੱਚਿਆਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਭਾਵਨਾਤਮਕ ਵਿਕਾਸ ਵਿੱਚ ਵਾਧਾ ਕਿਵੇਂ ਕੀਤਾ ਜਾ ਸਕਦਾ ਇਸ ਸਬੰਧੀ ਜਾਣਕਾਰੀ ਦਿੱਤੀ । ਇਸ ਮੌਕੇ, ਅਰਚਨਾ ਚੌਹਾਨ, ਅਰਚਨਾ ਰਾਣੀ,ਮਨਪ੍ਰੀਤ ਕੌਰ, ਨੀਲਮ ਰਾਣੀ, ਮੈਡਮ ਨਿਸ਼ਾ ਰਾਣੀ ਕਟਾਰੀਆ, ਗੁਰਿੰਦਰਜੀਤ ਕੌਰ ਸਹੋਤਾ, ਹਰਜਾਪ ਕੌਰ, ਮੀਨੂੰ ਕਟਾਰੀਆ, ਕੌਰ ਸਰਵਜੀਤ, ਹਨੀ ਜੁਨੇਜਾ, ਕੁਲਵਿੰਦਰ ਕੌਰ, ਸੁਮਨ ਦੇਵੀ,ਮਨਜੀਤ ਕੁਮਾਰੀ, ਸਰਵਜੀਤ ਕੌਰ, ਹਰਪ੍ਰੀਤ ਕੌਰ, ਮਾਸਟਰ ਨਰਿੰਦਰ ਕੁਮਾਰ, ਸੀ ਐਚ ਟੀ ਰਕੇਸ਼ ਕੁਮਾਰ, ਧਰਮਿੰਦਰ ਕੁਮਾਰ, ਕਮਲੇਸ਼ ਕੁਮਾਰੀ, ਅਤੇ ਰੇਨੂੰ ਰਾਣੀ ਆਦਿ ਹਾਜਰ ਸਨ । ਇਸ ਮੌਕੇ ਬਲਾਕ ਰਿਸੋਰਸ ਪਰਸਨ ਹਰਜੀਤ ਸਿੰਘ



ਸਹੋਤਾ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਕੱਲ (11-11-2025)ਤੋਂ ਬਲਾਕ ਬਲਾਚੌਰ-1 ਦੇ ਅਧਿਆਪਕਾਂ ਦੇ ਦੂਸਰੇ ਗਰੁੱਪ ਦੀ ਟ੍ਰੇਨਿੰਗ (ਸੈਮੀਨਾਰ )ਸ਼ੁਰੂ ਕੀਤਾ ਜਾਵੇਗਾ।

# 12 ਦਸੰਬਰ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕਿ ਸੀਐਮ ਮਾਨ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ

**ਚੰਡੀਗੜ੍ਹ /ਮਹਿਲ ਕਲਾਂ ਗੁਰਭਿੰਦਰ ਗੁਰੀ**

ਭਾਈ ਲਾਲੋ ਪੰਜਾਬੀ ਮੰਚ , ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਵੱਖ ਵੱਖ ਸੰਗਠਨਾਂ ਵੱਲੋਂ ਅੱਜ ਗੁਰਦ-ਵਾਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਭਰਵੀਂ ਮੀਟਿੰਗ ਬਲਾਕ ਪ੍ਰਧਾਨ ਬਲਦੇਵ ਸਿੰਘ ਖ਼ਲਾਸਾ ਸਹਿਜੜਾ ਦੀ ਅਗਵਾਈ ਹੇਠ ਕੀਤੀ ਗਈ।

ਇਸ ਮੌਕੇ ਬੋਲਦਿਆਂ ਹਰਜੀਤ ਸਿੰਘ ਖਿਆਲੀ ਮਹਿਲ ਕਲਾਂ ਜਗਰਾਜ ਸਿੰਘ ਟੱਲੇਵਾਲ ਸਰਪੰਚ , ਬੀਬੀ ਪਰਮਜੀਤ ਕੌਰ ਗੁੰਮਟੀ ਨੇ ਕਿਹਾ ਕਿ ਦੇਸ਼ ਦਾ ਨਿਮਨ ਵਰਗ ਦੇ ਹਾਲਾਤ ਅੱਜ ਵੀ ਤਰਸਯੋਗ ਬਣੇ ਹੋਏ ਹਨ ।ਮੀਟਿੰਗ ਦੌਰਾਨ ਉਨ੍ਹਾਂ ਨੇ ਡਿੱਗੇ ਢੱਠੇ ਸਦੀਆਂ ਤੋਂ ਜ਼ੁਲਮ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਜੇਕਰ ਤੁਸੀਂ ਇਜ਼ਤ ਦਾ ਜੀਵਨ ਜੀਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਤਮ ਸਹਾਇਤਾ ਤੇ ਭਰੋਸਾ ਕਰਨਾ ਪਵੇਗਾ । ਆਪਣੀਆਂ ਗ਼ੁਲਾਮੀ ਦੀਆਂ ਬੇੜੀਆਂ ਆਪ ਹੀ ਤੋੜੋ । ਸਵੈਮਾਣ ਜੀਵਨ ਵਾਸਤੇ ਜਰੂਰੀ ਹੈ , ਇਸ ਤੋਂ ਬਗੈਰ ਜੀਵਨ ਨਿਕੰਮਾ ਹੈ ।ਸਵੈਮਾਣ ਨਾਲ ਜੀਵਤ ਰਹਿਣ ਲਈ ਇਨਸਾਨ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।ਮਹਿੰਗਾਈ ਨੇ ਲੋਕਾਂ ਦਾ ਕਚੂੰਬਰ ਕੱਢ ਰੱਖਿਆ ਹੈ। ਬਲਾਕ ਪ੍ਰਧਾਨ ਬਲਦੇਵ ਸਿੰਘ



ਖ਼ਾਲਸਾ ਸਹਿਜੜਾ , ਸੁਦਾਗਰ ਸਿੰਘ ਭੋਤਨਾ , ਸਿੰਗਾਰਾ ਸਿੰਘ ਸੋਹੀਆਂ , ਨੰਬਰਦਾਰ ਜਗਦੇਵ ਸਿੰਘ ਕਲਾਲ ਮਾਜਰਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੱਕਾ ਰੁਜ਼ਗਾਰ, ਮਹਿੰਗਾਈ ਵਧਣ ਦੇ ਹਿਸਾਬ ਨਾਲ ਮਜ਼ਦੂਰਾਂ ਦੀ ਦਿਹਾੜੀ 700 ਰੁਪੇ ਵਧਾਉਣੀ, ਬੁਢਾਪਾ ਪੈਨਸ਼ਨ ਦੀ ਉਮਰ ਹੱਦ 65 ਸਾਲ ਤੋਂ ਘਟਾ ਕੇ 55 ਸਾਲ ਕਰਨੀ ਅਤੇ ਬੁਢਾਪਾ , ਵਿਧਵਾ ਅਤੇ ਅੰਗਹੀਣ ਪੈਨਸ਼ਨ ਘੱਟੋ ਘੱਟ ਦਸ ਹਜ਼ਾਰ ਰੁਪਏ ਮਹੀਨਾ ਕਰਨੀ, ਬੇਘਰ ਲੋਕਾਂ ਨੂੰ 10 / 10 ਮਰਲਿਆਂ ਦੇ ਪਲਾਟ , ਬਰਸਾਤਾਂ ਕਾਰਨ ਹੋਏ ਘਰਾਂ ਦੇ ਨੁਕਸਾਨ ਦਾ ਮੁਆਵਜਾ , ਬਿਜਲੀ ਸੋਧ ਬਿੱਲ ਨੂੰ ਕੈਂਸਲ ਕੀਤਾ ਜਾਵੇ ।ਇਸ ਦੇ ਨਾਲ ਨਾਲ ਹਸਪਤਾਲਾਂ ਚ ਡਾਕਟਰਾਂ ਅਤੇ ਬਾਕੀ ਸਟਾਫ ਦੀ ਘਾਟ ਪੂਰੀ ਕਰਨੀ , ਸਕੂਲਾਂ ਚ ਅਧਿਆਪਕਾਂ ਦੀਆਂ ਖਾਲੀ ਪਈਆਂ ਅਸਾਮੀਆਂ ਪੂਰੀਆਂ ਕੀਤੀਆਂ ਜਾਣ, ਹਰ ਪਿੰਡ ਚ ਵਾਤਾਵਰਣ ਨੂੰ ਸੁਧ ਰੱਖਣ ਲਈ 20 / 20 ਹਜ਼ਾਰ ਦਰਖ਼ਤ ਲਗਾਉਣੇ । ਸਰਕਾਰਾਂ ਵੋਟਾਂ ਲੈਣ ਲਈ ਝੂਠੇ ਵਾਅਦੇ ਨਾ ਕਰਨ। ਕੀਤੇ ਗਏ ਵਾਅਦੇ ਪੂਰੇ ਕੀਤੇ ਜਾਣ। ਭਗਵੰਤ ਮਾਨ ਦਿੱਲੀ ਵਾਲਿਆਂ ਦਾ ਪਿੱਠੂ ਬਣਕੇ ਅਜਿਹੇ ਕੰਮ ਕਰਨ ਤੋਂ ਬਾਜ ਆਵੇ ਜਿਵੇਂ ਇਸ ਭਗਵੰਤ ਮਾਨ ਸਰਕਾਰ ਨੇ ਔਰਤਾਂ ਨਾਲ 1000 ਰੁਪਏ ਪ੍ਰਤੀ ਮਹੀਨਾ ਵਾਲਾ ਵਾਅਦਾ ਤਾਂ ਕਰ ਲਿਆ। ਹੁਣ ਸਰਕਾਰ ਵਾਅਦਾ ਪੂਰਾ ਕਰੇ। ਉਨ੍ਹਾਂ ਨੇ ਮੁੱਖ ਜ਼ੋਰ ਲੋਕਾਂ ਨੂੰ ਛੋਟੀਆਂ ਛੋਟੀਆਂ ਸਕੀਮਾਂ, ਰਾਹਤਾਂ ਦੀ ਬਜਾਏ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ ਨੂੰ ਇੱਕਜੁੱਟ ਹੋ ਕੇ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ ਕਿਉਂ ਕਿ ਸਖ਼ਤ ਘੋਲ ਨਾਲ ਹੀ ਤਾਕਤ ,ਵਿਸ਼ਵਾਸ ਅਤੇ ਮਾਨਤਾ ਪ੍ਰਾਪਤ ਹੁੰਦੇ ਹਨ ।ਇਸ ਮੌਕੇ ਪੱਲੇਦਾਰ ਗੁਰਦੀਪ ਸਿੰਘ , ਅਰਮਾਨ ਟੱਲੇਵਾਲ , ਗੋਰਖੀ , ਅਮਨਦੀਪ ਸਿੰਘ ਮਾਂਗੇਵਾਲ ,ਜਗਸੀਰ ਸਿੰਘ ਖਿਆਲੀ , ਰਾਜੂ ਮੈਂਬਰ , ਗੁਰਪ੍ਰੀਤ ਕੌਰ , ਮਨਪ੍ਰੀਤ ਕੌਰ ਗਹਿਲ , ਜੱਗਾ , ਕਾਲਾ ਪ੍ਰਧਾਨ ਉਗਰਾਹਾਂ ਯੂਨੀਅਨ , ਜੱਗਰ ਸਲੇਮਪੁਰ , ਹਰਨੇਕ ਸਿੰਘ ਛੀਨੀਵਾਲ ਖੁਰਦ , ਮਨਦੀਪ ਕੌਰ , ਵੀਰਪਾਲ ਕੌਰ , ਕੁਲਵਿੰਦਰ ਕਿੰਦਾ , ਇੰਦਰਵੀਰ ਸਿੰਘ , ਡੋਗਰ ਨੰਬਰਦਾਰ ਆਦਿ ਹਾਜਰ ਸਨ ।

# ਲਿੰਕ ਸੜਕ ਦੇ ਵੱਲ ਝੁੱਕਿਆ ਦਰੱਖਤ ਦੇ ਰਿਹਾ ਹਾਦਸਿਆਂ ਨੂੰ ਸੱਦਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਸਿੰਘ ਕਲੇਰ )** ਕਾਠਗੜ੍ਹ ਮੇਨ ਸੜਕ ਜੋ ਕਿ ਕਈ ਪਿੰਡਾਂ ਨੂੰ ਮੇਨ ਹਾਈਵੇ ਨਾਲ ਜੋੜਦੀ ਹੈ । ਇਸ ਲਿੰਕ ਸੜਕ ਨੇੜੇ ਕਿਲਾ ਕਾਠਗੜ੍ਹ ਸਾਹਮਣੇ ਹੇਮਰਾਜ ਆਟੋ ਸਪਲੈਂਡਰ ਮੋਟਰਸਾਈਕਲ ਦੇ ਤਾਦਾਦ ਵਿੱਚ ਰਾਹਗੀਰ ਏਜੰਸੀ ਦੇ ਕੋਲ ਲੱਗਿਆਂ ਦਰੱਖਤ ਸੜਕ ਦੇ ਵੱਲ ਕਾਫੀ ਝੁੱਕਿਆ ਹੋਇਆ ਹੈ । ਜਿਸ ਨਾਲ ਕਿਸੇ ਵੇਲੇ ਵੀ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ । ਇਸ ਸੜਕ ਤੋ ਰੋਜ਼ਾਨਾ ਸੈਂਕੜੇ



ਪੈਦਲ, ਦੋ ਪਹੀਆਂ ਵਾਹਨਾਂ , ਚਾਰ ਪਹੀਆਂ ਵਾਹਨ ਅਤੇ ਹੈਵੀ ਗੱਡੀਆਂ ਰਾਹੀ ਲੰਘਦੇ ਹਨ । ਸਕੂਲਾਂ ਨੂੰ ਆਉਣ ਜਾਣ ਵਾਲੀਆਂ ਬੱਸਾਂ ਵੀ ਇਸ ਰੋਡ ਤੇ ਲੰਘਦੀਆਂ ਹਨ । ਲੇਕਿਨ ਕਿਸੇ ਨੇ ਇਸ ਦਰੱਖਤ ਨੂੰ ਹਟਾਉਣ ਦੀ ਜ਼ਹਿਮਤ ਨਹੀ ਉਠਾਈ । ਇਲਾਕੇ ਦੇ ਲੋਕਾਂ ਨੇ ਜੰਗਲਾਤ ਵਿਭਾਗ ਤੇ ਪ੍ਰਸ਼ਾਸ਼ਨ ਨੂੰ ਗੁਹਾਰ ਲਗਾਈ ਹੈ ਕਿ ਇਸ ਸੜਕ ਦੇ ਵੱਲ ਝੁੱਕੇ ਹੋਏ ਦਰੱਖਤ ਨੂੰ ਤੁਰੰਤ ਹਟਾਇਆ ਜਾਵੇ ਤਾਂ ਕਿ ਸਮੇਂ ਰਹਿੰਦੇ ਵਾਪਰ ਵਾਲੀ ਘਟਨਾ ਦੇ ਡਰ ਤੇ ਮੁਕਤ ਹੋ ਸਕੀਏ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਰਾਲੀ ਸਾੜਨ ਦੇ 11 ਮਾਮਲੇ ਆਏ ਸਾਹਮਣੇ, ਲੱਗਾ ਵਾਤਾਵਰਣ ਮੁਆਵਜ਼ਾ

**●ਫਸਲਾਂ ਦੀ ਰਹਿੰਦ-ਖੂਹੰਦ ਸਾੜਨ ਦੇ ਮਾਮਲਿਆਂ ‘ਚ ਇੰਦਰਾਜ ‘ਚ ਲਾਲ ਐਂਟਰੀ ਅਤੇ ਐਫ.ਆਈ.ਆਰ. ਦਰਜ ●ਡਿਪਟੀ ਕਮਿਸ਼ਨਰ ਨੇ ਸੰਬੰਧਤ ਅਧਿਕਾਰੀਆਂ ਨਾਲ ਕੀਤੀ ਸਮੀਖਿਆ ਮੀਟਿੰਗ ●ਜ਼ਿਲੇ ‘ਚ 60 ਫੀਸਦੀ ਤੋਂ ਵੱਧ ਰਕਬੇ ‘ਚ ਹੋਈ ਕਣਕ ਦੀ ਬਿਜਾਈ**



**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਜ਼ਿਲੇ ਅੰਦਰ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਹੁਣ ਤੱਕ ਕੁੱਲ 13 ਸਾਈਟਾਂ ਵਿੱਚੋਂ 11 ਸਾਈਟਾਂ ‘ਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਜਾਇਜ਼ਾ ਲੈਣ ਉਪਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਤੋਂ ਫਸਲਾਂ ਦੀ ਰਹਿੰਦ-ਖੂਹੰਦ ਦੇ ਮਾਮਲਿਆਂ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤਾਂ ਵਿੱਚ ਪਰਾਲੀ ਨੂੰ ਅੱਗ ਨਾ ਲਾਈ ਜਾਵੇ ਜਿਸ ਨਾਲ ਵਾਤਾਵਰਣ ਗੰਦਲਾ ਹੁੰਦਾ ਹੈ। ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਪ੍ਰਾਪਤ 11 ਸਾਈਟਾਂ ਦੀ ਜਾਣਕਾਰੀ ਮੁਤਾਬਕ ਬਣਦਾ ਕੁੱਲ 70,000 ਰੁਪਏ ਦਾ ਜੁਰਮਾਨਾ ਕਰਨ ਤੋਂ ਇਲਾਵਾ 09 ਕੇਸਾਂ ਵਿੱਚ ਐਫ.ਆਈ.ਆਰ. ਵੀ ਦਰਜ ਕਰ ਦਿੱਤੀ ਗਈ ਹੈ ਅਤੇ 11 ਕੇਸਾਂ ਵਿੱਚ ਲਾਲ ਐਂਟਰੀ ਵੀ ਇੰਦਰਾਜ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਾਲ 2025 ਦੌਰਾਨ ਜ਼ਿਲੇ ਵਿਚ ਝੋਨੇ ਦੀ ਵਾਢੀ ਲਗਭਗ ਪੂਰੀ ਹੋ ਗਈ ਹੈ ਅਤੇ ਹੁਣ ਤੱਕ ਜ਼ਿਲੇ ਵਿਚ 60 ਫੀਸਦੀ ਤੋਂ ਵੱਧ ਰਕਬੇ ਵਿੱਚ ਕਣਕ ਦੀ ਬਿਜਾਈ ਵੀ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਸਟਬਲ ਬਰਨਿੰਗ ਸੀਜਨ 2025 ਦੌਰਾਨ ਜ਼ਿਲ੍ਹੇ ਵਿੱਚ ਹੁਣ ਤੱਕ ਅੱਗ ਲੱਗਣ ਦੀਆਂ 13 ਘਟਨਾਵਾਂ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਪ੍ਰਾਪਤ ਹੋਈਆਂ ਹਨ ਜਦਕਿ ਪਿਛਲੇ ਸਾਲ ਹੁਣ ਤੱਕ 23 ਅੱਗ ਲੱਗਣ ਦੀਆਂ ਘਟਨਾਵਾਂ ਜਿਲੇ ਵਿੱਚ ਆਈਆਂ ਸਨ। ਜਿਲਾ ਪ੍ਰਸ਼ਾਸਨ, ਖੇਤੀਬਾੜੀ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਟੀਮਾਂ ਨੇ ਆਪਸੀ ਤਾਲਮੇਲ ਨਾਲ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸੁਪਰੀਮ ਕੋਰਟ, ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਚੇਅਰਮੈਨ ਏਅਰ ਕੁਆਲਿਟੀ ਮੈਨੇਜਮੈਂਟ ਇੰਡੈਕਸ ਵੱਲੋਂ ਜਾਰੀ ਵੱਖ-ਵੱਖ ਹਦਾਇਤਾਂ ਅਨੁਸਾਰ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ‘ਤੇ ਟਰਿਪਲ ਐਕਸ਼ਨ (ਜੁਰਮਾਨਾ, ਲਾਲ ਐਂਟਰੀ ਅਤੇ ਐਫ.ਆਈ.ਆਰ.) ਦਰਜ ਕੀਤੀ ਜਾਵੇਗੀ। ਉਨਾਂ ਵੱਲੋਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਿਸਾਨ ਹੁਣ ਪਰਾਲੀ ਨੂੰ ਅੱਗ ਨਾ ਲਗਾਵੇ , ਜ਼ਿਲ੍ਹੇ ਵਿੱਚ ਉਪਲਬਧ ਵੱਖ ਵੱਖ ਖੇਤੀ ਮਸ਼ੀਨਰੀ ਰਾਹੀਂ ਇਸ ਦੀ ਸਾਂਭ ਸੰਭਾਲ ਕੀਤੀ ਜਾਵੇ। ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਪੀ.ਸੀ.ਐਸ. , ਮੁੱਖ ਖੇਤੀਬਾੜੀ ਅਫਸਰ ਡਾ. ਰਾਕੇਸ਼ ਕੁਮਾਰ ਸ਼ਰਮਾ, ਸਹਾਇਕ ਖੇਤੀਬਾੜੀ ਇੰਜੀਨੀਅਰ ਇੰਜ.ਚੰਦਨ ਸ਼ਰਮਾ, ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਕਮਲਦੀਪ ਸਿੰਘ ਸੰਘਾ, ਪੰਜਾਬ ਪੋਲਿਊਸ਼ਨ ਕੰਟਰੋਲ ਬੋਰਡ ਦੇ ਐਸ.ਡੀ.ਓ. ਅਰਸ਼ਪ੍ਰੀਤ ਕੌਰ ਅਤੇ ਅਦਿਤਿਆ ਸ਼ਰਮਾ ਹਾਜ਼ਰ ਸਨ।

# ਗਰਭਵਤੀ ਔਰਤਾਂ ਦੀ ਮੌਤ ਦਰ ਨੂੰ ਘੱਟ ਕਰਨ ਲਈ ਰੀਵਿਊ ਮੀਟਿੰਗ ਕੀਤੀ ਗਈ:-ਡਾ. ਰਣਜੀਤ ਸਿੰਘ ਰਾਏ

**ਮਾਨਸਾ।** ਗਰਭਵਤੀ ਮਾਵਾਂ ਦੀ ਮੌਤ ਦਰ ਘੱਟ ਕਰਨ ਦੇ ਮੰਤਵ ਨਾਲ ਡਾ. ਰਣਜੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਐਮ.ਡੀ.ਆਰ.ਦੀ ਇੱਕ ਰੀਵਿਊ ਮੀਟਿੰਗ ਦਫਤਰ ਸਿਵਲ ਸਰਜਨ ਮਾਨਸਾ ਵਿਖੇ ਕੀਤੀ ਗਈ। ਡਾਕਟਰ ਕੰਵਲਪ੍ਰੀਤ ਕੌਰ ਬਰਾੜ ਜਿਲਾ ਪਰਿਵਾਰ ਭਲਾਈ ਅਫ਼ਸਰ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ ਜਿਸ ਵਿੱਚ ਸਬੰਧਤ ਐੱਲ,ਐਚ ਵੀ,ਏ.ਐਨ.ਐਮ.,ਆਸ਼ਾ ਵਰਕਰ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਨੇ ਭਾਗ ਲਿਆ।

ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਜਿਲਾ ਮਾਨਸਾ ਵਿਖੇ ਅਪ੍ਰੈਲ 2025 ਤੋਂ ਹੁਣ ਤੱਕ 7 ਕੁੱਲ ਮੌਤਾਂ ਹੋਈਆਂ,ਜਿਨਾ ਵਿੱਚੋ ਅੱਜ 2 ( ਮੈਟਰਨਲ ਮੌਤਾਂ ) ਦਾ ਰੀਵਿਊ ਕੀਤਾ ਗਿਆ। ਜਿਸ ਵਿੱਚੋ 4 ਦਾ ਪਹਿਲਾਂ ਹੀ ਰੀਵਿਊ ਕੀਤਾ ਜਾ ਚੁੱਕਾ ਹੈ ,ਇਸ ਮੀਟਿੰਗ ਦੌਰਾਨ ਕਮੇਟੀ ਵੱਲੋਂ ਸਮੂਹ ਭਾਗ ਲੈਣ ਆਏ ਅਧਿਕਾਰੀਆਂ ਕਰਮਚਾਰੀਆਂ ਨੂੰ ਸੁਝਾਅ ਦਿੱਤੇ ਗਏ। ਹਰੇਕ ਗਰਭਵਤੀ ਔਰਤ ਦੀ ਰਜਿਸਟਰੇਸ਼ਨ ਜਲਦੀ ਤੋਂ ਜਲਦੀ ਕੀਤੀ ਜਾਵੇ। ਡਾਕਟਰ ਰਾਏ.ਨੇ ਦਸਿਆ ਕਿ ਹਰ ਗਰਭਵਤੀ ਔਰਤ ਦੀਆਂ ਘੱਟੋ ਘੱਟ ਚਾਰ ਏ.ਐਨ.ਸੀ. ਚੈਕ ਅੱਪ ਜਰੂਰ ਕੀਤੇ ਜਾਣ। ਇਸ ਦੌਰਾਨ ਔਰਤ ਰੋਗਾਂ ਦੇ ਮਾਹਿਰ ਡਾਕਟਰ ਵੱਲੋਂ ਇਕ ਚੈਕ ਅੱਪ ਜਰੂਰ ਕਰਵਾਇਆ ਜਾਵੇ। ਲੋੜ ਪੈਣ ਤੇ ਸਮੇਂ ਸਮੇਂ ਤੇ ਚੈਕ ਅੱਪ ਕਰਵਾਇਆ ਜਾਵੇ। ਹਰੇਕ ਗਰਭਵਤੀ ਔਰਤ ਦੀ



ਰਜਿਸਟਰੇਸ਼ਨ ਦੌਰਾਨ ਅਤੇ ਸਮੇਂ ਸਮੇਂ ਤੇ ਹਾਈ ਰਿਸ਼ਕ ਪ੍ਰੈਗਨੈਂਸੀ ਦੀਆਂ 21 ਨਿਸ਼ਾਨੀਆਂ ਦੀ ਚੈਕਲਿਸ਼ਟ ਅਨੁਸਾਰ ਉਹਨਾਂ ਦੀ ਕੌਸਲਿੰਗ ਕੀਤੀ ਜਾਵੇ ਤਾਂ ਕਿ ਨਾਰਮਲ ਪ੍ਰੈਗਨੈਂਸੀ ਅਤੇ ਹਾਈ ਰਿਸਕ ਪ੍ਰੈਗਨੈਂਸੀ ਦਾ ਪਤਾ ਲੱਗ ਸਕੇ। ਹਾਈ ਰਿਸਕ ਪ੍ਰੈਗਨੈਂਸੀ ਵਿੱਚ ਗਰਭਵਤੀ ਔਰਤ ਦਾ ਐਮ.ਸੀ.ਪੀ. ਕਾਰਡ ਉਤੇ ਰੈਡ ਕਲਰ ਸਟੈਂਪ ਲਗਾ ਕੇ ਐਚ.ਆਰ.ਪੀ. ਨੋਟ ਲਿਖਿਆ ਜਾਵੇ। ਹਾਈ ਰਿਸ਼ਕ ਪ੍ਰੈਗਨੈਂਸੀ ਵਿੱਚ ਗਰਭਵਤੀ ਔਰਤ ਦੀਆਂ ਸਾਰੀਆਂ ਰਿਪੋਰਟਾਂ ਅਤੇ ਟੈਸਟ ਦੀ ਫੋਟੋ ਕਾਪੀ ਕਰਵਾ ਕੇ ਏ.ਐਨ.ਐਮ ਵਲੋ ਰਿਕਾਰਡ ਰੱਖਿਆ ਜਾਵੇ। ਹਾਈ ਰਿਸਕ ਗਰਭਵਤੀ ਮਾਵਾਂ ਦਾ ਰਿਕਾਰਡ ਏ.ਐਨ.ਐਮ. ਵੱਲੋਂ ਸਮੇਂ ਸਮੇਂ ਤੇ ਅਪਡੇਟ ਕੀਤਾ ਜਾਵੇ ਅਤੇ ਸਬੰਧਤ ਗਾਈਨੋਕਾਲੋਜਿਸਟ ਅਤੇ ਸੀਨੀਅਰ ਮੈਡੀਕਲ ਅਫਸਰ ਨੂੰ ਸਮੇਂ ਸਮੇਂ ਸਿਰ ਜਾਣੂੰ ਕਰਵਾਇਆ ਜਾਵੇ। ਹਾਈਰਿਸ਼ਕ ਗਰਭਵਤੀ ਮਾਵਾਂ ਨੂੰ, ਉਹਨਾਂ ਦੇ ਰਿਸ਼ਤੇਦਾਰ ਅਤੇ ਪਰਿਵਾਰਕ ਮੈਂਬਰਾਂ ਨੂੰ ਐਜੂਕੇਟ ਕਰਕੇ ਉਸ ਦੀ ਡਲਵਰੀ ਕਿਸੇ ਵੱਡੇ ਹਸਪਤਾਲ (ਸੰਸਥਾਗਤ) ਵਿੱਚ ਕਰਵਾਈ ਜਾਵੇ ਤਾਂ ਕਿ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ,ਇਸ ਮੌਕੇ ਡਾਕਟਰ ਕੰਵਲਪ੍ਰੀਤ ਕੌਰ ਬਰਾੜ ਜਿਲਾ ਪਰਿਵਾਰ ਭਲਾਈ ਅਫ਼ਸਰ,ਡਾਕਟਰ ਜਗਜੀਤ ਸਿੰਘ ਐੱਸ.ਐਮ.ਓ.ਮਾਨਸਾ,ਡਾ ਬਲਜਿੰਦਰ ਕੌਰ ਸੀਨੀਅਰ ਮੈਡੀਕਲ ਅਫਸਰ ਖਿਆਲਾ ਕਲਾਂ,ਡਾ ਸ਼ੇਰ ਜੰਗ ਸਿੰਘ ਸਿਧੂ ਸੈਕਰੇਟਰੀ ਆਈ,ਐਮ,ਏ,ਡਾ.ਨਵਜੋਤ ਕੌਰ ਸਰਾਂ,ਔਰਤ ਰੋਗਾਂ ਦੇ ਮਾਹਿਰ ਡਾਕਟਰ ਰਜਨੀ,ਡਾ ਗੁਰਜੀਵਨ ਸਿੰਘ,ਡਾ ਸ਼ੈਂਕੀ ਬਾਂਸਲ ,ਨਰਸਿੰਗ ਸਿਸਟਰ ਰਜਨੀ ,ਨੀਰੂ ਬਾਲਾ ,ਮਾਸ ਮੀਡੀਆ ਵਿੰਗ ਦੀ ਤਰਫੋ ਵਿਜੈ ਕੁਮਾਰ ਜਿਲਾ ਸਮੂਹ ਸਿੱਖਿਆਂ ਅਤੇ ਸੂਚਨਾ ਅਫਸਰ,ਅਵਤਾਰ ਸਿੰਘ ਜਿਲਾ ਪ੍ਰੋਗਰਾਮ ਮੈਨੇਜਰ,ਤਿਰਲੋਕ ਸਿੰਘ ਡਿਪਟੀ ਮਾਸ ਮੀਡੀਆ ਅਫਸਰ, ਸ਼ਰਨਜੀਤ ਕੌਰ,ਸਬੰਧਤ ਐੱਲ.ਐਚ.ਵੀ, ਏ.ਐਂ.ਐਮ.ਅਤੇ ਆਸਾ ਵਰਕਰ ਅਤੇ ਹੋਰ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਭਾਣੇਵਾਲ ਦੀ ਪੰਚਾਇਤ ਨੂੰ ਦਿੱਤੀ ਇਕ ਲੱਖ ਰੁਪਏ ਦੀ ਗਰਾਂਟ-ਸਤਨਾਮ ਜਲਾਲਪੁਰ...

**ਨਵਾਂਸ਼ਹਿਰ (ਜਤਿੰਦਰ ਸਿੰਘ ਕਲੇਰ )** ਪੰਜਾਬ ਸਰਕਾਰ ਪੰਜਾਬ ਵਿੱਚ ਨੌਜਵਾਨ ਪੀੜੀ ਨੂੰ ਨਸ਼ਿਆ ਤੋ ਦੂਰ ਰਹਿਣ ਲਈ ਪੰਜਾਬ ਦੇ ਹਰੇਕ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨਾਂ ਨੂੰ ਕਸਰਤ ਕਰਨ ਲਈ ਜਿੰਮ ਖੋਲ ਕੇ ਦੇ ਰਹੀ ਹੈ। ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਿਲ੍ਹਾ ਪਲਾਨਿੰਗ ਬੋਰਡ ਤੇ ਜਿਲ੍ਹਾ ਪ੍ਰਧਾਨ, ਸ਼ਹੀਦ ਭਗਤ ਸਿੰਘ ਨਗਰ ਸਤਨਾਮ ਜਲਾਲਪੁਰ ਨੇ ਦੱਸਿਆ ਕਿ ਉਨ੍ਹਾਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਗ੍ਰਾਮ ਪੰਚਾਇਤ ਭਾਣੇਵਾਲ (ਬਲਾਚੌਰ) ਨੂੰ ਇਕ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਜੋ ਕਿ ਓਪਨ ਜਿਮ ਖਰੀਦਣ ਲਈ ਦਿੱਤੀ ਗਈ ਹੈ। ਸਤਨਾਮ ਜਲਾਲਪੁਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਭਾਣੇਵਾਲ ਦੀ ਗ੍ਰਾਮ ਪੰਚਾਇਤ ਨੂੰ ਗਲੀਆਂ ਨਾਲੀਆਂ ਲਈ ਵੀ ਗਰਾਂਟ ਮਨਜੂਰ ਕੀਤੀ ਗਈ ਹੈ ਜੋ ਕਿ ਜਲਦ ਹੀ ਪੰਚਾਇਤ ਨੂੰ ਮਿਲਣ ਜਾ ਰਹੀ ਹੈ। ਪਿੰਡ ਵਾਸੀਆਂ ਨੇ ਸਤਨਾਮ ਜਲਾਲਪੁਰ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਆਮ ਲੋਕ ਸਰਦਾਰ ਭਗਵੰਤ ਸਿੰਘ ਮਾਨ



ਦੀ ਪੰਜਾਬ ਸਰਕਾਰ ਦੇ ਕੰਮਾਂ ਤੋਂ ਬਹੁਤ ਖੁਸ਼ ਹਨ, ਖਾਸ ਤੌਰ ਤੇ ਜਿਸ ਤਰ੍ਹਾਂ ਉਹਨਾਂ ਨੇ ਪਿੰਡ ਪਿੰਡ ਸਰਕਾਰੀ ਨੌਕਰੀਆਂ ਦਿੱਤੀਆਂ ਅਤੇ ਬਿਜਲੀ ਦੇ ਬਿਲਾਂ ਦੀ ਸਹੂਲਤ ਨੂੰ ਲੋਕਾਂ ਨੇ ਬਹੁਤ ਹੀ ਸਰਾਹਿਆ। ਮੁੱਖ ਮੰਤਰੀ ਜੀ ਦਾ ਇਹ ਸੁਪਨਾ ਹੈ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਜਾਵੇ।ਇਸ ਮੌਕੇ ਸੇਠੀ ਉਧਨਵਾਲ (ਚੇਅਰਮੈਨ ਮਾਰਕੀਟ ਕਮੇਟੀ ਬਲਾਚੌਰ) , ਬਲਦੇਵ ਰਾਜ , ਦਵਿੰਦਰ ਸਹਿਬਾਜਪੁਰ, ਅਸ਼ਵਨੀ ਸਰਪੰਚ, ਸੋਹਨ ਲਾਲ, ਸੁਭਾਸ਼ ਚੰਦਰ ਲੰਬੜਦਾਰ, ਚਮਨ ਲਾਲ ਪੰਚ , ਹਰਮੇਸ਼ ਲਾਲ ਪੰਚ, ਬਲਰਾਜ ਪੰਚ, ਹੁਸਨ ਲਾਲ ਪੰਚ, ਕੇਸ਼ਵ ਹਕਲਾ ਪੰਚ, ਵਰਿੰਦਰ ਕੁਮਾਰ, ਸੋਨੂ,ਦੇਵਰਾਜ, ਦੇਸਰਾਜ , ਰਾਮ ਕੁਮਾਰ , ਕੇਵਲ ਕ੍ਰਿਸ਼ਨ ਤੋਂ ਇਲਾਵਾ ਬਹੁਤ ਸਾਰੇ ਪਿੰਡ ਵਾਸੀ ਮੌਜੂਦ ਸਨ।

# ਸਿੰਘ ਸਾਹਿਬ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨੂੰ ਸਰਬ ਧਰਮ ਸੰਮੇਲਨ ਤੇ ਹੋਰ ਸਮਾਗਮਾਂ ਵਿੱਚ ਸ਼ਿਰਕਤ ਕਰਨ ਦਾ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦਿੱਤਾ ਸੱਦਾ

## ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਵੀ ਰਹੇ ਮੌਜੂਦ

**ਰੋਪੜ੍ਹ /ਸ੍ਰੀ ਅਨੰਦਪੁਰ ਸਾਹਿਬ (ਜਤਿੰਦਰ ਸਿੰਘ ਕਲੇਰ )** ਸ੍ਰ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਦੌਰਾਨ ਸਿੰਘ ਸਾਹਿਬ ਜੀ ਨੂੰ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਨੇੜਲੇ ਇਲਾਕਿਆਂ ਵਿੱਚ ਕਰਵਾਏ ਜਾ ਰਹੇ ਕਾਰਜਾਂ ਅਤੇ ਚੱਲ ਰਹੀਆਂ ਤਿਆਰੀਆਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੇ ਨਾਲ ਸੈਰ ਸਪਾਟਾ ਵਿਭਾਗ ਦੇ ਸਲਾਹਕਾਰ ਸ੍ਰੀ ਦੀਪਕ ਬਾਲੀ ਵੀ ਮੌਜੂਦ ਸਨ।



ਇਸ ਬਾਰੇ ਹੋਰ ਵੇਰਵੇ ਦਿੰਦੇ ਹੋਏ ਸ੍ਰ.ਬੈਂਸ ਨੇ ਦੱਸਿਆ ਕਿ ਸਿੰਘ ਸਾਹਿਬ ਜੀ ਨੂੰ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਤੇ ਖ਼ਾਸ ਕਰਕੇ 23 ਨਵੰਬਰ ਨੂੰ ਹੋਣ ਵਾਲੇ ਸਰਬ ਧਰਮ ਸੰਮੇਲਨ ਵਿੱਚ ਸ਼ਿਰਕਤ ਕਰਨ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਸ਼ਹੀਦੀ ਸਮਾਗਮਾਂ ਤੋ ਪਹਿਲਾ ਸ੍ਰੀ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਦੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ, ਸੜਕਾਂ ਉਤੇ ਲਾਈਟਾਂ ਅਤੇ ਬਲਿੰਕਰ ਲਾਈਟਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਸ਼ਰਧਾਲੂਆਂ ਦੀ ਸਹੂਲਤ ਲਈ ਟੈਂਟ ਸਿਟੀ ਦਾ ਕੰਮ ਚੱਲ ਰਿਹਾ ਹੈ, ਇਸ ਤੋ ਇਲਾਵਾ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਮੁੱਖ ਰੱਖਦੇ ਹੋਏ ਸਾਰੀਆਂ ਬੁਨਿਆਦੀ ਸਹੂਲਤਾਂ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ।

# ਰਾਜਸਥਾਨ ਦੇ ਹਨੂੰਮਾਨਗੜ੍ਹ 'ਚ ਪੰਜਾਬੀ ਬਾਲ ਸਾਹਿਤ ਨੂੰ ਮਿਲਿਆ ਭਰਵਾਂ ਹੁੰਗਾਰਾ

## ਇਸ ਮੌਕੇ 105 ਬਾਲ ਲੇਖਕਾਂ ਦੀ ਸਾਂਝੀ ਕਿਤਾਬ ਵੀ ਰਿਲੀਜ਼ ਕੀਤੀ ਗਈ





**ਜਲੰਧਰ (ਬਲਦੇਵ ਸਿੰਘ ਬੇਦੀ)** ਬੀਤੇ ਦਿਨੀਂ ਹਨੂੰਮਾਨਗੜ੍ਹ ਟਾਊਨ 'ਚ ਐਨ.ਐਮ. ਲਾਅ ਪੀ.ਜੀ. ਕਾਲਜ ਵਿਖੇ ਆਯੋਜਿਤ ਰਾਸ਼ਟਰੀ ਪੰਜਾਬੀ ਬਾਲ ਲੇਖਕ ਕਾਨਫਰੰਸ ਵਿੱਚ 476 ਬੱਚਿਆਂ ਨੇ ਭਾਗ ਲਿਆ। ਦੋ ਦਿਨ ਚੱਲੇ ਇਸ ਸਮਾਗਮ ਦੌਰਾਨ 105 ਬਾਲ ਲੇਖਕਾਂ ਦੀ ਇਕ ਸਾਂਝੀ ਕਿਤਾਬ ਨੂੰ ਵੀ ਰਿਲੀਜ਼ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਸੁੱਖੀ ਬਾਠ (ਸੰਸਥਾਪਕ, ਪੰਜਾਬ ਭਵਨ, ਸਰੀ, ਕੈਨੇਡਾ) ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਸੀਤਾਰਾਮ (ਪ੍ਰਿੰਸੀਪਲ, ਐਨ.ਐਮ. ਲਾਅ ਕਾਲਜ), ਜਤਿੰਦਰ ਬਠਲਾ (ਡੀ.ਈ.ਓ., ਸੈਕੰਡਰੀ) ਅਤੇ ਰਜਨੀਸ਼ ਗੋਦਾਰਾ (ਏ.ਸੀ.ਬੀ.ਓ., ਪੀਲੀਬੰਗਾ) ਸ਼ਾਮਲ ਸਨ। ਸਮਾਗਮ ਦਾ ਸੰਚਾਲਨ ਸ. ਕੁਲਦੀਪ ਸਿੰਘ ਨੇ ਕੀਤਾ। ਇਸ ਮੌਕੇ ਸੁੱਖੀ ਬਾਠ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਜਿਊਂਦਾ ਰੱਖਣ ਲਈ ਲਗਾਤਾਰ ਯਤਨ ਕਰਨੇ ਬਹੁਤ ਜ਼ਰੂਰੀ ਹਨ। "ਨਵੀਆਂ ਕਲਮਾਂ ਨਵੀਂ ਉਡਾਣ" ਪ੍ਰੋਜੈਕਟ ਬਾਰੇ ਓਂਕਾਰ ਸਿੰਘ ਤੇਜੇ ਅਤੇ ਗੁਰਵਿੰਦਰ ਸਿੰਘ ਕਾਂਗੜਾ ਨੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਰਾਜਸਥਾਨ ਇੰਚਾਰਜ ਰਾਜਿੰਦਰ ਸਿੰਘ ਸਹੂ ਦੀ ਅਗਵਾਈ ਵਿੱਚ 105 ਬਾਲ ਲੇਖਕਾਂ ਦੀ ਕਿਤਾਬ ਦਾ ਪ੍ਰਕਾਸ਼ਨ ਵੀ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਸ਼ਾਸਨ ਦੇ ਸਹਿਯੋਗ ਲਈ ਡਾ. ਸੀਤਾਰਾਮ ਦਾ ਧੰਨਵਾਦ ਵੀ ਕੀਤਾ ਗਿਆ। ਜ਼ਿਲ੍ਹਾ ਮੀਡੀਆ ਇੰਚਾਰਜ ਬਲਕਰਨ ਸਿੰਘ ਅਤੇ ਕਰਨੈਲ ਸਿੰਘ ਔਲਖ ਨੇ ਮੁਕਾਬਲਿਆਂ ਦੇ ਨਤੀਜੇ ਜਾਰੀ ਕੀਤੇ। ਪ੍ਰਾਇਮਰੀ ਲੋਕ ਪਹਿਰਾਵੇ ਵਿੱਚ ਸਾਨੀਆ, ਤੇਗਮੀਤ ਕੌਰ ਅਤੇ ਜਪਸਿਮਰਤ ਕੌਰ ਕ੍ਰਮਵਾਰ ਪਹਿਲੇ ਤਿੰਨ ਸਥਾਨਾਂ 'ਤੇ ਰਹੇ। ਰੱਸਾਕਸ਼ੀ ਵਿੱਚ ਡੀ.ਏ.ਵੀ. ਸਕੂਲ ਪਹਿਲਾ, ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੂਜਾ ਅਤੇ ਸਰਕਾਰੀ ਹਾਇਰ ਪ੍ਰਾਇਮਰੀ ਸਕੂਲ 45 ਐਸ.ਐਸ.ਡਬਲਯੂ. ਤੀਜੇ ਸਥਾਨ 'ਤੇ ਰਿਹਾ। ਕਵਿਤਾ ਪਾਠ ਵਿੱਚ ਡੋਲੀ, ਇੰਦਰਪ੍ਰੀਤ ਕੌਰ, ਮਨਦੀਪ ਕੌਰ, ਕੈਲੀਗ੍ਰਾਫੀ ਵਿੱਚ ਸ਼ਨਮੀਤ ਸਿੰਘ, ਆਰਾਧਿਆ ਅਤੇ ਗਰਿਮਾ ਜੇਤੂ ਰਹੇ। ਸੀਨੀਅਰ ਲੋਕ ਨਾਚ ਵਿੱਚ ਸਪਨਾ, ਖੁਸ਼ਮੀਤ, ਪ੍ਰੀਤੀ, ਜਸਮੀਤ ਅਤੇ ਬਲਜੀਤ ਕੌਰ, ਜਦਕਿ ਕਵਿਤਾ ਪਾਠ ਵਿੱਚ ਜੋਬਨਬੀਰ ਕੌਰ, ਤੀਰਥ ਕੌਰ ਅਤੇ ਖੁਸ਼ੀ ਨੇ ਕ੍ਰਮਵਾਰ ਤਿੰਨ ਸਥਾਨ ਹਾਸਲ ਕੀਤੇ। ਕਮਲਦੀਪ, ਜਪਨੀਤ ਕੌਰ ਅਤੇ ਜੰਨਤ ਵੀ ਵੱਖ-ਵੱਖ ਸ਼੍ਰੇਣੀਆਂ ਵਿੱਚ ਜੇਤੂ ਰਹੇ।ਇਸ ਪ੍ਰੋਗਰਾਮ ਦੇ ਸਾਰੇ ਪ੍ਰਬੰਧ ਜਸਕਰਨ ਸਿੰਘ ਅਤੇ ਹਰਸ਼ਿੰਦਰ ਸਿੰਘ ਨੇ ਸੰਭਾਲੇ। ਕਾਨਫਰੰਸ ਦੇ ਦੂਜੇ ਦਿਨ "ਰਾਜਸਥਾਨ ਵਿੱਚ ਪੰਜਾਬੀ ਭਾਸ਼ਾ: ਸੰਭਾਵਨਾਵਾਂ, ਸਮੱਸਿਆਵਾਂ ਅਤੇ ਭਵਿੱਖ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਓਂਕਾਰ ਸਿੰਘ ਤੇਜੇ ਨੇ ਰਾਜਸਥਾਨੀ ਪੰਜਾਬੀ ਬੁਲਾਰਿਆਂ ਨੂੰ ਵਧਾਈ ਦਿੱਤੀ, ਜਦਕਿ ਗੁਰਵਿੰਦਰ ਕਾਂਗੜਾ ਨੇ ਭਾਸ਼ਾ ਦੀ ਮੌਜੂਦਾ ਸਥਿਤੀ ਅਤੇ ਚੁਣੌਤੀਆਂ ਉੱਤੇ ਚਾਨਣ ਪਾਇਆ। ਕਵੀ ਰੂਪ ਸਿੰਘ ਰਾਜਪੁਰੀ ਨੇ ਕਵਿਤਾ ਰਾਹੀਂ ਪੰਜਾਬੀ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਰਾਜਸਥਾਨੀ ਬੋਲੀ ਨੂੰ ਪੰਜਾਬੀ ਦੀ ਉਪ-ਬੋਲੀ ਵਜੋਂ ਦਰਸਾਇਆ। "ਪੈੜਾਂ" ਮੈਗਜ਼ੀਨ ਦੇ ਸੰਪਾਦਕ ਰਾਜਿੰਦਰ ਸਿੰਘ ਸਹੂ ਨੇ ਬੱਚਿਆਂ ਨੂੰ ਸਾਹਿਤਕ ਗਤੀਵਿਧੀਆਂ ਨਾਲ ਜੋੜਨ ਦੀ ਲੋੜ ਉੱਤੇ ਜ਼ੋਰ ਦਿੱਤਾ। ਬਲਕਰਨ ਸਿੰਘ ਨੇ ਪੰਜਾਬੀ ਨਾਲ ਸੰਬੰਧਤ ਸੈਮੀਨਾਰਾਂ ਦੇ ਨਿਰੰਤਰ ਆਯੋਜਨ ਦੀ ਪ੍ਰੇਰਣਾ ਦਿੱਤੀ। ਅੰਤ ਵਿੱਚ ਪ੍ਰਿੰਸੀਪਲ ਡਾ. ਸੀਤਾਰਾਮ ਨੇ ਸਾਰੇ ਮਹਿਮਾਨਾਂ ਅਤੇ ਹਿੱਸਾ ਲੈਣ ਵਾਲਿਆਂ ਦਾ ਧੰਨਵਾਦ ਕੀਤਾ।

# ਬਲਾਚੌਰ ਨੂੰ ਟੁੱਟਣ ਨਹੀਂ ਦਿਆਂਗੇ-ਅਜੇ ਮੰਗੂਪੁਰ ਜ਼ਿਲ੍ਹਾ ਪਧਾਨ ਕਾਂਗਰਸ



**ਬਲਾਚੌਰ (ਜਤਿੰਦਰ ਸਿੰਘ ਕਲੇਰ )** ਹਲਕਾ ਬਲਾਚੌਰ ਦੇ ਹਿਤਾਂ ਲਈ ਹਰ ਥਾਂ ਅਗਾਂਹ ਹੋ ਕੇ ਅਵਾਜ਼ ਬੁਲੰਦ ਕਰਾਂਗਾ, ਇਹੋ ਕਹਿਣਾਂ ਹੈ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਪ੍ਰਧਾਨ ਅਜੇ ਮੰਗੂਪੁਰ ਦਾ। ਬੀਤੇ ਕੁੱਝ ਸਮੇਂ ਤੋਂ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਚੱਲ ਰਹੀਆਂ ਖ਼ਬਰਾਂ ਤੇ ਚਰਚਾ ਦਾ ਵਿਸ਼ਾ ਬਣੇ ਪੰਜਾਬ ਸਰਕਾਰ ਵੱਲੋਂ ਐਲਾਨੇ ਜਾਣ ਵਾਲੇ ਸ੍ਰੀ ਆਨੰਦਪੁਰ ਸਾਹਿਬ ਦਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਵੱਲੋਂ ਸਮਰਥਨ ਦਿੱਤਾ ਗਿਆ ਪਰੰਤੂ ਉਨ੍ਹਾਂ ਹਲਕਾ ਬਲਾਚੌਰ ਦੇ ਪਿਡਾਂ ਨੂੰ ਨਵੇ ਬਣੇ ਜਿਲ੍ਹੇ ਵਿੱਚ ਸ਼ਾਮਲ ਕਰਨ ਦਾ ਵਿਰੋਧ ਕੀਤਾ ਹੈ। ਇਸ ਸੰਬੰਧ ਵਿੱਚ ਉਨਾਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਦਫ਼ਤਰ ਬਲਾਚੌਰ ਵਿਖੇ ਪੋਸਟਰ ਲਾਂਚ ਕੀਤਾ ਜਿਸ ਰਾਹੀਂ ਉਨ੍ਹਾਂ ਬਲਾਚੌਰ ਦਿਆਂ ਪਿੰਡਾਂ ਨੂੰ ਧੱਕੇਸ਼ਾਹੀ ਨਾਲ ਨਵੇਂ ਬਣ ਰਹੇ ਜ਼ਿਲ੍ਹੇ ਵਿੱਚ ਸ਼ਾਮਲ ਹੋਣ ਦਾ ਵਿਰੋਧ ਕੀਤਾ ਹੈ। ਅਜੇ ਮੰਗੂਪੁਰ ਨੇ ਕਿਹਾ ਕਿ ਹਲਕਾ ਬਲਾਚੌਰ ਦੋਆਬੇ ਦਾ ਹਿੱਸਾ ਹੈ ਅਤੇ ਆਪ ਸਰਕਾਰ ਧੱਕੇ ਨਾਲ ਬਲਾਚੌਰ ਦੇ ਪਿੰਡਾਂ ਨੂੰ ਪੁਆਂਦ ਵਿੱਚ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੁਆਬੇ ਦੀ ਬੋਲੀ, ਸੱਭਿਅਤਾ ਪੁਆਂਦ ਨਾਲੋ ਵੱਖਰੀ ਹੈ ਅਤੇ ਆਪ ਸਰਕਾਰ ਜਬਰਦਸਤੀ ਸਾਡੀ ਪਛਾਣ ਨੂੰ ਤਬਦੀਲ ਕਰਨ ਤੇ ਤੁਲੀ ਹੋਈ ਹੈ। ਬਲਾਚੌਰ ਦੇ ਜਿਨ੍ਹਾਂ ਪਿੰਡਾਂ ਨੂੰ ਸ੍ਰੀ ਆਨੰਦਪੁਰ ਸਾਹਿਬ ਜ਼ਿਲ੍ਹੇ ਵਿੱਚ ਜੋੜਨ ਦੀ ਚਰਚਾ ਚੱਲ ਰਹੀ ਹੈ ਉਨ੍ਹਾਂ ਤੋਂ ਨਵੇਂ ਜ਼ਿਲ੍ਹੇ ਤੱਕ ਜਾਣ ਦਾ ਰਸਤਾ ਬਹੁਤ ਖਰਾਬ ਹੈ, ਇਕਾਂਤ ਹੈ ਅਤੇ ਜੰਗਲ ਦਾ ਵਧੇਰੇ ਪੈਂਡਾ ਇਸ ਰਸਤੇ ਵਿੱਚ ਪੈਣ ਕਾਰਨ ਇਹ ਰਾਹ ਆਮ ਲੋਕਾਂ ਲਈ ਕੋਈ ਬਹੁਤਾ ਹਨੇਰੇ-ਸਵੇਰੇ ਦੇ ਵਕਤ ਸੁਰਖਿੱਅਤ ਨਹੀ ਹੈ। ਅਜੇ ਮੰਗੂਪੁਰ ਨੇ ਕਿਹਾ ਕਿ ਉਹ ਹਮੇਸ਼ਾ ਤੋਂ ਲੋਕਾਂ ਦੇ ਹਿਤਾਂ ਲਈ ਖੜਦੇ ਆਏ ਹਨ ਅਤੇ ਇਸ ਵਿਸ਼ੇ ਤੇ ਵੀ ਲੋਕਾਂ ਖਾਤਰ ਉਨ੍ਹਾਂ ਨੂੰ ਜੋ ਵੀ ਕਰਨਾ ਪਿਆ ਚਾਹੇ ਉਹ ਸੰਘਰਸ਼ ਦੀ ਰਾਹ ਹੋਵੇ, ਧਰਨੇ ਪ੍ਰਦਰਸ਼ਨ ਹੋਣ ਸਭ ਕੁੱਝ ਕਰਨ ਲਈ ਤਿਆਰ ਬਰ ਤਿਆਰ ਰਹਿਣਗੇ ਅਤੇ ਬਲਾਚੌਰ ਵਾਸੀਆਂ ਨਾਲ ਧੱਕਾ ਨਹੀ ਹੋਣ ਦੇਣਗੇ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਹਰਜੀਤ ਸਿੰਘ ਜਾਡਲੀ ਮੀਤ ਪ੍ਰਧਾਨ ਡੀ.ਸੀ.ਸੀ., ਜਿੰਦਰ ਕੁਮਾਰ ਪ੍ਰਧਾਨ ਐਸ.ਸੀ.ਦੱਲ ਬਲਾਚੌਰ, ਮਲਕੀਤ ਸਿੰਘ ਧੋਲ ਜਨਰਲ ਸਕੱਤਰ ਬਲਾਕ ਕਮੇਟੀ ਬਲਾਚੌਰ, ਹਰਪ੍ਰੀਤ ਕੁਮਾਰ ਹੈਰੀ ਯੂਥ ਪ੍ਰਧਾਨ ਸ਼ਹਿਰੀ, ਦੀਪਕ ਕੁਮਾਰ ਬੈਂਸ ਆਦਿ ਕਾਂਗਰਸੀ ਵਰਕਰ ਹਾਜ਼ਰ ਸਨ।

# ਮਰਹੂਮ ਬੂਟਾ ਸਿੰਘ ਬਾਰੇ ਅਪਮਾਨਜਨਕ ਟਿੱਪਣੀ ਦਾ ਮਾਮਲਾ: ਪੰਜਾਬ ਐਸ.ਸੀ ਕਮਿਸ਼ਨ ਨੂੰ ਐਸ.ਐਸ.ਪੀ. ਕਪੂਰਥਲਾ ਨੇ ਸੌਂਪੀ ਸਥਿਤੀ ਰਿਪੋਰਟ

**● ਪੁਲਿਸ ਨੇ ਫ਼ਾਰੈਂਸਿਕ ਜਾਂਚ ਲਈ ਭੇਜਣ ਵਾਸਤੇ ਸ਼ਿਕਾਇਤਕਰਤਾ ਤੋਂ ਪ੍ਰਾਪਤ ਕੀਤਾ ਮੀਡੀਆ ਰਿਕਾਰਡ ● ਕਮਿਸ਼ਨ ਨੇ ਰਾਜਾ ਵੜਿੰਗ ਸਬੰਧੀ ਅਗਲੇਰੀ ਕਾਰਵਾਈ ਬਾਰੇ 19 ਨਵੰਬਰ ਨੂੰ ਫਿਰ ਪੁਲਿਸ ਰਿਪੋਰਟ ਮੰਗੀ ● ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤਸਵੀਰ ਦੀ ਬੇਹੁਰਮਤੀ ਮਾਮਲੇ ਵਿੱਚ ਵਕੀਲ ਦੀ ਮੰਗ 'ਤੇ 19 ਨਵੰਬਰ ਨੂੰ ਪ੍ਰਤਾਪ ਸਿੰਘ ਬਾਜਵਾ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੀ ਹਦਾਇਤ**

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਮਰਹੂਮ ਕੇਂਦਰੀ ਮੰਤਰੀ ਸ. ਬੂਟਾ ਸਿੰਘ ਬਾਰੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਅਪਮਾਨਜਨਕ ਟਿੱਪਣੀ ਕਰਨ ਦੇ ਮਾਮਲੇ ਵਿੱਚ ਅੱਜ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਨੂੰ ਐਸ.ਐਸ.ਪੀ. ਕਪੂਰਥਲਾ ਨੇ ਸਥਿਤੀ ਰਿਪੋਰਟ ਸੌਂਪੀ। ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਬਾਰੇ ਪੁੱਛਣ 'ਤੇ ਐਸ.ਐਸ.ਪੀ. ਕਪੂਰਥਲਾ ਵੱਲੋਂ ਪੇਸ਼ ਹੋਏ ਡੀ.ਐਸ.ਪੀ. ਹਰਗੁਰਦੇਵ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸ੍ਰੀ ਸਰਬਜੋਤ ਸਿੰਘ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਉਨ੍ਹਾਂ ਦਾ ਜਾਤੀ ਸਰਟੀਫ਼ਿਕੇਟ ਲੈ ਲਿਆ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਫ਼ਾਰੈਂਸਿਕ ਜਾਂਚ ਲਈ ਭੇਜਣ ਵਾਸਤੇ ਸ਼ਿਕਾਇਤਕਰਤਾ ਤੋਂ



ਮੀਡੀਆ ਰਿਕਾਰਡ ਵੀ ਪ੍ਰਾਪਤ ਕਰ ਲਿਆ ਗਿਆ ਹੈ। ਕਮਿਸ਼ਨ ਨੇ ਰਾਜਾ ਵੜਿੰਗ ਸਬੰਧੀ ਅਗਲੇਰੀ ਕਾਰਵਾਈ ਬਾਰੇ 19 ਨਵੰਬਰ ਨੂੰ ਪੁਲਿਸ ਤੋਂ ਦੁਬਾਰਾ ਰਿਪੋਰਟ ਮੰਗੀ ਹੈ। ਸ. ਜਸਵੀਰ ਸਿੰਘ ਗੜ੍ਹੀ ਨੇ ਪੁਲਿਸ ਨੂੰ ਇਸ ਮਾਮਲੇ ਵਿੱਚ ਹਫ਼ਤਵਾਰੀ ਰਿਪੋਰਟ ਦੇਣ ਦੇ ਨਿਰਦੇਸ਼ ਵੀ ਦਿੱਤੇ ਹਨ।

ਇਸੇ ਤਰ੍ਹਾਂ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਤਸਵੀਰ ਦੀ ਬੇਹੁਰਮਤੀ ਮਾਮਲੇ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸਾਹਮਣੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਤਰਫ਼ੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਅਰਵਿੰਦ ਸਿੰਘ ਸੱਚਦੇਵਾ ਪੇਸ਼ ਹੋਏ ਅਤੇ ਉਨ੍ਹਾਂ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਅਗਲੀ ਤਰੀਕ ਦੇਣ ਦੀ ਮੰਗ ਰੱਖੀ। ਕਮਿਸ਼ਨ ਦੇ ਚੇਅਰਮੈਨ ਸ. ਜਸਵੀਰ ਸਿੰਘ ਗੜ੍ਹੀ ਨੇ ਇਹ ਮੰਗ ਪ੍ਰਵਾਨ ਕਰਦਿਆਂ 19 ਨਵੰਬਰ ਨੂੰ ਪ੍ਰਤਾਪ ਸਿੰਘ ਬਾਜਵਾ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੀ ਹਦਾਇਤ ਕੀਤੀ ਹੈ।

## ਟ੍ਰੈਫਿਕ ਐਜੂਕੇਸ਼ਨ ਸੈਲ ਵੱਲੋਂ ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਵਿਖੇ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ ਗਿਆ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ)**-ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਸੰਦੀਪ ਕੁਮਾਰ ਮਾਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਹੁਸ਼ਿਆਰਪੁਰ ਵਿਖੇ ਮੁੱਖ ਅਧਿਆਪਕਾ ਸਮਰਿਤੂ ਰਾਣਾ ਅਤੇ ਸਕੂਲ ਸਟਾਫ ਦੀ ਅਗਵਾਈ ਹੇਠ ਵਿਦਿਆਰਥੀਆ ਨੂੰ ਟਰੈਫਿਕ ਨਿਯਮਾਂ ਸੰਬੰਧੀ ਸੰਬੰਧੀ ਜਾਗਰੂਕ ਕਰਨ ਲਈ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾ ਦੀ ਪਾਲਣਾ ਕਰਦੇ ਹੋਏ ਟ੍ਰੈਫਿਕ ਐਜੂਕੇਸ਼ਨ ਸੈਲ ਵੱਲੋਂ ਐਸ ਆਈ ਤਜਿੰਦਰ ਕੌਰ ਅਤੇ ਏ ਐਸ ਆਈ ਮਨੋਹਰ ਚੰਦ ਨੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਜਿਵੇਂ ਕਿ



ਟਰੈਫਿਕ ਦੇ ਨਵੇਂ ਕਾਨੂੰਨ ਅਨੁਸਾਰ ਕਿਸੇ ਵੀ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ ਵੱਲੋ ਕੋਈ ਵੀ ਗੇਅਰ ਵਾਲਾ ਵਹੀਕਲ ਨਾ ਚਲਾਉਣ, ਫ਼ਰਿਸ਼ਤੇ ਸਕੀਮ 2024 ਅਧੀਨ ਰੋਡ ਐਕਸੀਡੈਂਟ ਵਿਚ ਜ਼ਖਮੀਆਂ ਵਿਆਕਤੀਆਂ ਨੂੰ ਮੁਢਲੀ ਸਹਾਇਤਾ ਦੇਣ ਅਤੇ ਹਸਪਤਾਲ ਵਿਚ ਦਾਖਲ ਕਰਵਾਉਣ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਸਾਈਬਰ ਕ੍ਰਾਈਮ ਦੁਆਰਾ ਹੋ ਰਹੀਆਂ ਠੱਗੀਆਂ ਤੋ ਸੁਚੇਤ ਰਹਿਣ ਅਤੇ ਨਸ਼ਾ ਤਸਕਰਾ ਦੀ ਜਾਣਕਾਰੀ ਪੁਲਿਸ ਨੂੰ ਦੇਣ ਦੀ ਅਪੀਲ ਕੀਤੀ। ਇਸ ਮੌਕੇ ਉਨ੍ਹਾਂ ਨਸ਼ਾ ਕਰਨ ਵਾਲੇ ਵਿਅਕਤੀਆਂ ਅਤੇ ਬੱਚਿਆ ਨੂੰ ਨਸ਼ਾ ਛੁਡਾਉਣ ਸਬੰਧਿਤ ਸਹੂਲਤਾ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮੁੱਖ ਅਧਿਆਪਕਾ ਸਿਮਰਤੂ ਰਾਣਾ ਨੇ ਵਿਦਿਆਰਥੀਆਂ ਨੂੰ ਵਡਮੁੱਲੀ ਜਾਣਕਾਰੀ ਦੇਣ ਲਈ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਪਨਾ ਸੂਦ, ਅਵਿੰਦਰ ਕੌਰ, ਅਨੀਤਾ ਰਾਜ, ਸਰੋਜ ਬਾਲਾ, ਰਾਜਦੀਪ ਕੌਰ, ਰਸ਼ਪਾਲ ਸਿੰਘ, ਰਣਦੀਪ ਕੁਮਾਰ ਆਦਿ ਸਮੇਤ ਸਮੂਹ ਵਿਦਿਆਰਥੀ ਹਾਜ਼ਰ ਸਨ।

ਫੋਟੋ ਅਜਮੇਰ ਦੀਵਾਨਾ

## ਪਿੰਡ ਲੰਗੇਰੀ ਵਿਖੇ ਲੱਗਾ ਇੱਕ ਰੋਜ਼ਾ "ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦਾ ਕੈਂਪ

**ਬੰਗਾ (ਚਰਨਜੀਤ ਸੱਲਾਂ):-** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ "ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ" ਦਾ ਮੁਫ਼ਤ ਟ੍ਰੇਨਿੰਗ ਕੈਂਪ ਪਿੰਡ ਲੰਗੇਰੀ ਵਿਖੇ ਲਗਾਇਆ ਗਿਆ। ਇਸ ਟ੍ਰੇਨਿੰਗ ਕੈਂਪ ਵਿਚ ਸ. ਸੁਰਜੀਤ ਸਿੰਘ ਰਾਏ ਨੈਸ਼ਨਲ ਅਵਾਰਡੀ, ਕੁਦਰਤੀ ਖੇਤੀ ਮਾਹਰ ਅਤੇ ਕੁਦਰਤੀ ਖੇਤੀ ਦੇ ਜ਼ਿਲ੍ਹਾ ਮਾਸਟਰ ਟ੍ਰੇਨਰ ਨੇ ਅਪਣੇ ਕੁਦਰਤੀ ਖੇਤੀ ਫਾਰਮ ਵਿਖੇ ਕੁਦਰਤੀ ਖੇਤੀ ਅਤੇ ਹਰਬਲ ਬੂਟਿਆਂ ਦੀ ਜਾਣਕਾਰੀ ਦਿੱਤੀ। ਉਨਾਂ ਨੇ ਲਗਭਗ 20 ਹਾਜਿਰ ਕਿਸਾਨਾਂ ਨੂੰ ਜੀਵ ਅੰਮ੍ਰਿਤ, ਬੀਜ ਅੰਮ੍ਰਿਤ, ਘੱਟ ਜੀਵ ਅੰਮ੍ਰਿਤ, ਗੰਡੋਆ ਖਾਦ ਬਣਾਉਣਾ ਅਤੇ ਫ਼ਸਲਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਪਰਾਲੀ ਨਾਲ ਮਲਚਿੰਗ ਕਰਨਾ, ਹਰਬਲ ਜੜੀ-ਬੂਟਿਆਂ ਅਤੇ ਪੌਦਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨਾਂ ਨੇ ਆਏ ਕਿਸਾਨੂੰ ਨੂੰ ਆਪਣੇ ਹੀ ਖੇਤ ਵਿੱਚ ਹਰੇਕ ਫਸਲ ਤੋਂ ਵਧੀਆਂ





ਅਤੇ ਸਿਹਤਮੰਦ ਅਤੇ ਦੇਸੀ ਤਰੀਕੇ ਨਾਲ ਬੀਜ ਤਿਆਰ ਕਰਨ ਦੀ ਵੀ ਟ੍ਰੇਨਿੰਗ ਦਿੱਤੀ। ਟ੍ਰੇਨਿੰਗ ਕੈਂਪ ਦੀ ਸਮਾਪਤੀ ਉਪਰੰਤ ਸੁਰਜੀਤ ਸਿੰਘ ਰਾਏ ਨੇ ਆਏ ਕਿਸਾਨਾਂ ਨੂੰ ਫੁੱਲਦਾਰ, ਫਲਦਾਰ, ਛਾਂਦਾਰ ਅਤੇ ਹਰਬਲ ਬੂਟੇ ਵੰਡੇ ਗਏ। ਉਹਨਾਂ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਪੌਦੇ ਲਗਾਉਣੇ ਬਹੁਤ ਜਰੂਰੀ ਹਨ। ਉਨਾਂ ਬੂਟਿਆਂ ਦੀ ਸਾਂਭ ਸੰਭਾਲ ਤੇ ਵੀ ਜੋਰ ਦਿੱਤਾ। ਕੈਂਪ ਵਿਚ ਆਏ ਕਿਸਾਨਾਂ ਨੇ ਸ. ਸੁਰਜੀਤ ਸਿੰਘ ਰਾਏ ਨੂੰ ਵਿਸ਼ਵਾਸ਼ ਦੁਆਇਆ ਕਿ ਉਹ ਪਰਾਲੀ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਕਦੇ ਵੀ ਅੱਗ ਨਹੀਂ ਲਗਾਉਣਗੇ । ਉਨਾਂ ਵਾਅਦਾ ਕੀਤਾ ਕਿ ਉਹ ਕੁਦਰਤੀ ਖੇਤੀ ਨੂੰ ਅਪਣਾ ਕੇ ਹਵਾ, ਮਿੱਟੀ ਅਤੇ ਪਾਣੀ ਨੂੰ ਬਚਾਉਣ ਲਈ ਹੋਰ ਲੋਕਾਂ ਨੂੰ ਵੀ ਜਾਗਰੂਕ ਕਰਨਗੇ। ਇਸ ਮੌਕੇ ਸੁਖਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ ਰਾਏ, ਜੈਸਮੀਨ ਕੌਰ, ਸੁੱਖਵਿੰਦਰ ਸਿੰਘ, ਮਨਜੋਤ ਸਿੰਘ, ਮਨਜਿੰਦਰ ਸਿੰਘ, ਕਮਲਜੀਤ ਸਿੰਘ ਆਦਿ ਵੀ ਹਾਜਰ ਸਨ।

# ਐਕਿਊਪੰਕਚਰ ਹਸਪਤਾਲ ਦਾ ਗੋਲਡਨ ਜੁਬਲੀ ਸਮਾਰੋਹ 15 ਨੂੰ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡੀ.ਐਨ. ਕੋਟਨੀਸ ਐਕਯੂਪੰਕਚਰ ਹਸਪਤਾਲ ਦਾ ਗੋਲਡਨ ਜੁਬਲੀ ਸਮਾਰੋਹ 15 ਨਵੰਬਰ ਨੂੰ ਹੋਵੇਗਾ। ਚੀਨ ਤੋਂ ਤਿੰਨ ਮੈਂਬਰੀ ਉੱਚ ਪੱਧਰੀ ਸ਼ਿਸ਼ਟ ਮੰਡਲ ਦੇ ਆਉਣ ਦੀ ਉਮੀਦ ਹੈ ਅਤੇ ਐਕਯੂਪੰਕਚਰ ਉੱਤੇ ਟ੍ਰੇਨਿੰਗ ਤੇ ਰਿਸਰਚ ਸੈਂਟਰ ਸ਼ੁਰੂ ਕਰਨ 'ਤੇ ਜ਼ੋਰ ਦਿੱਤਾ ਜਾਵੇਗਾ। ਲੁਧਿਆਣਾ ਵਿਖੇ ਹਿੰਦ-ਚੀਨ ਦੋਸਤੀ ਦੇ ਪ੍ਰਤੀਕ ਡਾ: ਦੁਆਰਕਾ ਨਾਥ ਕੋਟਨੀਸ ਦੀ ਯਾਦ ਵਿੱਚ ਸਥਾਪਿਤ ਤੇ ਪਿਛਲੇ 50 ਸਾਲਾਂ ਤੋਂ ਮਨੁੱਖਤਾ ਦੀ ਸੇਵਾ ਕਰ ਰਿਹਾ ਡਾ: ਡੀ.ਐਨ. ਕੋਟਨੀਸ ਐਕਿਊਪੰਕਚਰ ਹਸਪਤਾਲ ਸਲੇਮ ਟਾਬਰੀ ਦੀ ਗੋਲਡਨ ਜੁਬਲੀ ਦੇ ਮੌਕੇ 'ਤੇ 15 ਨਵੰਬਰ ਨੂੰ ਦੁਗਰੀ ਰੋਡ 'ਤੇ ਵਿਸ਼ਾਲ ਸਮਾਰੋਹ ਕਰਾਇਆ ਜਾ ਰਿਹਾ ਹੈ। ਇਸ ਸੰਬੰਧੀ ਹਸਪਤਾਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਸੀਨੀਅਰ ਵਾਈਸ ਪ੍ਰਧਾਨ ਐਡਵੋਕੇਟ ਕੇ.ਆਰ. ਸੀਕਰੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਖਾਸ ਤੌਰ ਤੇ ਐਮ.ਐਲ.ਏ. ਮਦਨ ਲਾਲ ਬੱਗਾ ਦੇ ਪੁੱਤਰ ਤੇ ਪਾਰਸ਼ਦ ਅਮਨ ਬੱਗਾ ਵੀ ਮੌਜੂਦ ਸਨ। ਕਮੇਟੀ ਨੇ ਦੱਸਿਆ ਕਿ ਇਸ ਮੌਕੇ ਚੀਨ ਦੂਤਾਵਾਸ ਤੋਂ ਤਿੰਨ ਮੈਂਬਰੀ ਉੱਚ ਪੱਧਰੀ ਡੈਲੀਗੇਸ਼ਨ ਦੇ ਨਾਲ-ਨਾਲ ਵਿਧਾਇਕ ਤੇ ਹੋਰ ਰਾਜਨੀਤਿਕ ਵਿਅਕਤੀਆਂ ਦੀ ਹਾਜ਼ਰੀ ਹੋਵੇਗੀ। ਇਹ ਪ੍ਰੋਗਰਾਮ ਐਮ.ਐਲ.ਏ. ਮਦਨ ਲਾਲ ਬੱਗਾ ਦੀ ਰਹਿਨੁਮਾਈ ਹੇਠ ਹੋਵੇਗਾ। ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਅੱਜ ਦੇ ਯੁੱਗ ਵਿੱਚ ਸਭ ਤੋਂ ਪ੍ਰਭਾਵਸ਼ਾਲੀ, ਸਸਤੀ ਤੇ ਬਿਨਾਂ ਸਾਈਡ ਇਫੈਕਟ ਵਾਲੀ ਇਲਾਜ ਪ੍ਰਣਾਲੀ ਵਜੋਂ ਐਕਿਊਪੰਕਚਰ ਸਾਬਤ ਹੋਈ ਹੈ ਜੋ ਕਿ ਹਸਪਤਾਲ ਵੱਲੋਂ ਪਿਛਲੇ 50 ਸਾਲਾਂ ਤੋਂ ਮਰੀਜ਼ਾਂ ਨੂੰ ਉਪਲਬਧ ਕਰਵਾਈ ਜਾ ਰਹੀ ਹੈ। ਮਹਾਸਚਿਵ ਸ੍ਰ: ਇਕਬਾਲ ਸਿੰਘ ਗਿੱਲ ਤੇ ਸੀਨੀਅਰ ਉਪ ਪ੍ਰਧਾਨ ਕੇ.ਆਰ. ਸੀਕਰੀ ਨੇ ਐਕਿਊਪੰਕਚਰ ਦੇ ਵਿਕਾਸ ਵਿੱਚ ਹਸਪਤਾਲ ਨੂੰ ਚੀਨ ਦੂਤਾਵਾਸ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਜਿੱਥੇ ਐਕਿਊਪੰਕਚਰ ਲੋੜਵੰਦ ਲੋਕਾਂ ਨੂੰ ਸਸਤਾ ਇਲਾਜ ਦੇ ਰਿਹਾ ਹੈ ਓਥੇ ਇੱਕ ਛੋਟੀ ਸੂਈ ਦੋ ਦੇਸ਼ਾਂ ਨੂੰ ਵੀ ਨੇੜੇ ਲਿਆਈ ਹੈ। ਜਗਦੀਸ਼ ਸਿਡਾਨਾ ਤੇ ਅਨੂਪ ਤਾਇਲ ਨੇ ਕਿਹਾ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਮਹਿੰਗੀ ਐਲੋਪੈਥਿਕ ਪ੍ਰਣਾਲੀ ਦੀ ਥਾਂ ਪਰੰਪਰਾਗਤ ਇਲਾਜ ਪ੍ਰਣਾਲੀ ਐਕਿਊਪੰਕਚਰ ਨੂੰ ਪ੍ਰੋਤਸਾਹਿਤ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਮੋਦੀ ਤੇ ਚੀਨੀ ਰਾਸ਼ਟਰਪਤੀ ਵਿਚਕਾਰ ਯੋਗਾ ਤੇ ਐਕਿਊਪੰਕਚਰ ਨੂੰ ਇੱਕ ਦੂਜੇ ਦੇ ਦੇਸ਼ਾਂ ਵਿੱਚ ਵਧਾਵਾ ਦੇਣ ਲਈ ਸਹਿਮਤੀ ਵੀ ਹੋ ਚੁੱਕੀ ਹੈ। ਸ੍ਰ: ਇਕਬਾਲ ਸਿੰਘ ਗਿੱਲ ਤੇ ਸ੍ਰ: ਜਸਵੰਤ ਸਿੰਘ ਛਾਪਾ ਨੇ ਚੀਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਭਾਰਤ ਵਿੱਚ ਐਕਿਊਪੰਕਚਰ ਦੇ ਵਿਕਾਸ ਤੇ ਪ੍ਰਸਾਰ ਲਈ ਟ੍ਰੇਨਿੰਗ ਤੇ ਰਿਸਰਚ ਸੈਂਟਰ ਦੀ ਸਥਾਪਨਾ ਕਰੇ ਕਿਉਂਕਿ ਲੁਧਿਆਣਾ ਦੇ ਸਲੇਮ ਟਾਬਰੀ ਵਿਖੇ ਸਥਿਤ ਡਾ: ਡੀ.ਐਨ. ਕੋਟਨੀਸ ਹਸਪਤਾਲ ਕੋਲ ਪੂਰਾ ਢਾਂਚਾ ਮੌਜੂਦ ਹੈ ਅਤੇ ਇਸ ਸੰਬੰਧੀ ਪ੍ਰਸਤਾਵ ਚੀਨ ਦੂਤਾਵਾਸ ਰਾਹੀਂ ਭੇਜਿਆ ਜਾ ਸਕਦਾ ਹੈ। ਦੋਵੇਂ ਦੇਸ਼ ਆਪਸੀ ਸਹਿਮਤੀ ਨਾਲ ਇਸ ਯੋਜਨਾ ਨੂੰ ਸ਼ੁਰੂ ਕਰਨ ਤਾਂ ਜੋ ਭਾਰਤ ਦੇ ਲੋਕ ਇਲਾਜ ਅਤੇ ਸਿੱਖਿਆ ਦੋਵੇਂ ਪੱਖੋਂ ਲਾਭ ਪ੍ਰਾਪਤ ਕਰ ਸਕਣ। ਇਸ ਤੋਂ ਇਲਾਵਾ ਚੀਨ ਤੋਂ ਐਕਿਊਪੰਕਚਰ ਦੇ ਮਾਹਿਰ ਡਾਕਟਰ ਭੇਜੇ ਜਾਣ ਜੋ ਵਿਦਿਆਰਥੀਆਂ ਨੂੰ ਟ੍ਰੇਨਿੰਗ ਦੇਣ। ਦਿੱਲੀ ਤੋਂ ਆਏ ਡਾ: ਸੰਦੀਪ ਚੋਪੜਾ ਨੇ ਕਿਹਾ ਕਿ ਮੈਨੇਜਮੈਂਟ ਵੱਲੋਂ ਸਹਿਮਤੀ ਨਾਲ ਹਸਪਤਾਲ ਦੇ ਡਾਇਰੈਕਟਰ ਤੇ ਮੈਡੀਕਲ ਸੁਪਰਡੈਂਟ ਡਾ: ਇੰਦਰਜੀਤ ਸਿੰਘ ਨੂੰ ਉਨ੍ਹਾਂ ਦੀ ਐਕਿਊਪੰਕਚਰ ਪ੍ਰਤੀ 50 ਸਾਲ ਦੀ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਕਮੇਟੀ ਮੈਂਬਰਾਂ ਨੇ ਵਿਧਾਇਕ ਮਦਨ ਲਾਲ ਬੱਗਾ ਤੋਂ ਅਪੀਲ ਕੀਤੀ ਕਿ ਪੱਛਮੀ ਬੰਗਾਲ ਤੇ ਮਹਾਂਰਾਸ਼ਟਰ ਦੀ ਤਰ੍ਹਾਂ ਪੰਜਾਬ ਵਿੱਚ ਵੀ ਐਕਿਊਪੰਕਚਰ ਨੂੰ ਸਰਕਾਰੀ ਮਾਨਤਾ ਦਿੱਤੀ ਜਾਵੇ ਤਾਂ ਜੋ ਇਲਾਜ ਦੇ ਨਾਲ-ਨਾਲ ਡਿਗਰੀ ਕਾਲਜ ਵੀ ਸ਼ੁਰੂ ਹੋ ਸਕਣ। ਇਸ ਮੌਕੇ ਹੋਰ ਮੈਂਬਰਾਂ ਵਿੱਚ ਹਰਿੰਦਰਪਾਲ ਸਿੰਘ, ਜਸਕਿਰਨ ਸਿੰਘ, ਅਸ਼ਵਨੀ ਵਰਮਾ, ਗੌਤਮ ਜਲੰਧਰੀ, ਚਰਨਜੀਤ ਸਿੰਘ ਮੱਕੜ, ਗਗਨ ਭਾਟੀਆ, ਡਾ: ਰਘਬੀਰ ਸਿੰਘ, ਤਰਸੇਮ ਲਾਲ, ਇੰਦਰਮੋਹਨ ਸਿੰਘ, ਬਲਬੀਰ ਚੰਦ, ਉਪਿੰਦਰ ਸਿੰਘ, ਤਜਿੰਦਰ ਪਾਲ ਸਿੰਘ, ਸੁਖਦੇਵ ਸਲੇਮਪੁਰੀ, ਕ੍ਰਿਸ਼ਨ ਮੋਹਨ, ਡਾ: ਬਲਜਿੰਦਰ ਸਿੰਘ ਤੇ ਸਚਦੇਵ ਗਿੱਲ ਆਦਿ ਹਾਜ਼ਰ ਸਨ।

# ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੇ ਸਾਲਾਨਾ ਸਮਾਗਮ "ਵਲਵਲੇ 2025" ਆਯੋਜਿਤ ਕੀਤਾ ਗਿਆ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਮਾਗਮ ਦੀ ਸ਼ੁਰੂਆਤ ਡਾਇਰੈਕਟਰ ਡਾ: ਚਰਨ ਕਮਲ ਸਿੰਘ, ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਹੋਰਾਂ ਮਹਿਮਾਨਾਂ, ਸਿਖਿਆਰਥੀਆਂ ਦੇ ਮਾਪਿਆਂ ਨੂੰ ਜੀ ਆਇਆਂ ਕਹਿੰਦਿਆਂ ਇਹ ਮਾਣ ਨਾਲ ਕਿਹਾ ਕਿ ਇੰਸਟੀਚਿਊਟ ਰਾਹੀਂ ਗਾਇਨ, ਵਾਦਨ ਤੇ ਨ੍ਰਿਤ ਦੇ ਖੇਤਰਾਂ ਵਿੱਚ ਸਿਖਿਆਰਥੀਆਂ ਦੀ ਮਿਆਰੀ ਤਿਆਰੀ ਕਰਵਾਈ ਜਾ ਰਹੀ ਹੈ। ਜੋ ਤਹਿ ਉਮਰ ਉਨ੍ਹਾਂ ਨੂੰ ਪੁਲਾਘਾਂ ਪੁੱਟਣ ਦੇ ਸਮਰੱਥ ਕਰਦੀ ਹੈ।

ਇਸ ਮੌਕੇ ਸ੍ਰੀ ਸੰਜੀਵ ਅਰੋੜਾ ਜੀ, ਕੈਬਨਿਟ ਮੰਤਰੀ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਪ੍ਰਵਾਸੀ ਭਾਰਤੀ ਮਾਮਲੇ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਮਿਸਿਜ਼ ਪੂਨਮਪ੍ਰੀਤ ਕੌਰ, ਐਸ.ਡੀ.ਐਮ. ਪੱਛਮੀ, ਲੁਧਿਆਣਾ, ਸ੍ਰੀ ਅਨਿਰੁਧ ਗੁਪਤਾ, ਸੀ.ਈ.ਓ., ਡੀ.ਸੀ.ਐਮ.ਯੈੱਸ ਸਕੂਲ, ਲੁਧਿਆਣਾ, ਪ੍ਰਿੰ: ਗੁਨਮੀਤ ਕੌਰ, ਗੁਜਰਾਂਵਾਲਾ ਗੁਰੂ ਨਾਨਕ ਸਕੂਲ, ਲੁਧਿਆਣਾ ਪਹੁੰਚੇ। ਇਸ ਵਲਵਲੇ ਸਮਾਗਮ ਵਿੱਚ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੇ ਕਲਾਕਾਰਾਂ ਵੱਲੋਂ ਰੰਗਾ ਰੰਗ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ।

ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਵੱਖੋ-ਵੱਖਰੀਆਂ ਪੇਸ਼ਕਾਰੀਆਂ ਕੀਤੀਆਂ। ਸੰਗੀਤਕ ਪੇਸ਼ਕਾਰੀਆਂ ਵਿੱਚ ਰਾਸ਼ੀ, ਜੀਨੀਅਲ, ਸਮੀਕਸ਼ਾ, ਅਨਿਲ ਸੂਦ, ਅਨਹਦ, ਜਸਪ੍ਰੀਤ, ਅਵੀਨਾਦਰ, ਦਸ਼ਮੀਤ, ਦਵਿੰਦਰ, ਖੁਸ਼ਪਾਲ, ਬਿਦੀਸ਼ਾ, ਸ਼ਰਵਣ ਹੋਰਨਾਂ ਵੱਖ-ਵੱਖ ਗਾਣੇ ਬਹੁਤ ਸੁਰੀਲੀ ਆਵਾਜ਼ ਰਾਹੀਂ ਪੇਸ਼ ਕੀਤੇ। ਸਾਜ਼ ਵਿਭਾਗ ਵੱਲੋਂ ਡਰੰਮ ਵਿੱਚ ਪ੍ਰਥਮ, ਵਿਰਾਜ, ਤੁਸ਼ਿਤਾ, ਸਵਰੀਨ ਕੌਰ, ਨਿਰਵਾਣ ਮੈਨੀ, ਗੀਤਾਂਜ਼ ਨੇ ਬਾਖੂਬੀ ਢੰਗ ਨਾਲ ਪੇਸ਼ਕਾਰੀ ਕੀਤੀ। ਕੀ ਬੋਰਡ ਦੀ ਪੇਸ਼ਕਾਰੀ ਅਦਬ, ਅੰਸ਼, ਆਰਵੀ, ਐਮੀਸ਼ਾ, ਨਾਇਰਾ ਢੀਂਗਰਾ, ਨਾਇਰਾ ਗੁਪਤਾ, ਗੁਰਅਸੀਸ, ਬਿਦੀਸ਼ਾ, ਆਰੀਅਨ, ਸਮਰਵੀਰ, ਰਿਆਂਸ਼, ਕਿਆਂਸ਼, ਅਰਹਾਨ, ਆਵੀਸ਼ੀ, ਦਿਵਆਂਸ਼, ਦਿਵਿਤ ਨੇ, ਗਿਟਾਰ ਵਿੱਚ ਸ਼ਿਵਮ, ਰਸਵੀਰ, ਜਸਕਰਨ, ਯੁਵਰਾਜ, ਮਿਸ਼ੀਕਾ, ਜਿਊਲਜੋਤ ਕੌਰ ਅਤੇ ਕਨਵ ਨੇ ਬੜੀ ਦਿਲਕਸ਼ ਪੇਸ਼ਕਾਰੀ ਦਿੱਤੀ। ਡਾਂਸ ਵਿਭਾਗ ਵੱਲੋਂ ਕੱਥਕ ਵਿੱਚ ਜਿਆਂਸ਼ੀ, ਰਾਇਨਾ, ਤਾਰੂਸ਼ੀ, ਅਜੂਨੀ, ਕਾਇਰਾ, ਕ੍ਰਿਸ਼ਾ, ਸੁਹਾਵੀ, ਤੇਜਲ, ਆਧਿਆ, ਸਾਨਵੀ, ਰੌਸ਼ਨੀ, ਬਾਲੀਵੁੱਡ ਡਾਂਸ ਵਿੱਚ ਪ੍ਰਿਸ਼ਾ, ਕਰੀਸ਼ਾ, ਅਮਾਇਰਾ, ਸ਼ਿਵਿਆ, ਮਰੀਨਲ, ਦਕਸ਼, ਨਾਇਰਾ, ਕੁਸਮ, ਸੇਂਜਲ, ਨੰਦਿਤਾ ਅਤੇ ਭੰਗੜੇ ਦੀ ਪੇਸ਼ਕਾਰੀ ਸਮਰ, ਗੁਨਵ, ਵਾਰਿਸ, ਕਾਬੀਰ, ਆਵੀਰ, ਗੁਰਸਿਮਰਨ ਕੌਰ, ਲਿਆਂਨ, ਅਮਾਇਰਾ, ਸਾਨਵੀ, ਅਸਰੀਤ ਨੇ ਦਰਸ਼ਕਾਂ ਦਾ ਬਹੁਤ ਮੰਨ ਮੋਹ ਲਿਆ।

ਇਸ ਮੌਕੇ ਮੁੱਖ ਮਹਿਮਾਨ, ਸ੍ਰੀ ਸੰਜੀਵ ਅਰੋੜਾ ਜੀ, ਕੈਬਨਿਟ ਮੰਤਰੀ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਪ੍ਰਵਾਸੀ ਭਾਰਤੀ ਮਾਮਲੇ, ਪੰਜਾਬ ਹੁਰਾਂ ਇੰਸਟੀਚਿਊਟ ਦੇ ਹੋਣਹਾਰ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਦੇਖ ਕੇ ਉਨ੍ਹਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਇੰਸਟੀਚਿਊਟ ਆਪਣੇ ਮਿੱਥੇ ਟੀਚਿਆਂ ਨੂੰ ਤਨਦੇਹੀ ਨਾਲ ਨਿਭਾ ਰਿਹਾ ਹੈ। ਉਨ੍ਹਾਂ ਇੰਸਟੀਚਿਊਟ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਉਨ੍ਹਾਂ ਨੇ ਇੰਸਟੀਚਿਊਟ ਦੇ ਡਾਇਰੈਕਟਰ ਡਾ: ਚਰਨ ਕਮਲ ਸਿੰਘ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ।

ਇਸ ਮੌਕੇ ਸ੍ਰ: ਗੁਰਪਿੰਦਰ ਸਿੰਘ, ਇਸ਼ਮੀਤ ਸਿੰਘ ਦੇ ਪਿਤਾ ਜੀ, ਸ੍ਰੀ ਨਿਤਿਸ਼ ਸਿੰਘਾਨੀਆਂ, ਫਾਈਨਾਂਸ ਸਕੱਤਰ, ਲੋਧੀ ਕਲੱਬ, ਸ੍ਰੀ ਨਿਖਿਲ ਸ਼ਰਮਾ, ਸਰਪੰਚ, ਰਾਜਗੁਰੂ ਨਗਰ, ਸ੍ਰ: ਸਤਨਾਮ ਸਿੰਘ ਸੰਨੀ ਮਾਸਟਰ ਕੌਂਸਲਰ, ਰਾਜਗੁਰੂ ਨਗਰ ਅਤੇ ਸ੍ਰ: ਮੁਖਵਿੰਦਰ ਸਿੰਘ, ਸ੍ਰ: ਜਸਮੇਲ ਸਿੰਘ ਆਦਿ ਸ਼ਾਮਿਲ ਹੋਏ।

ਸਟੇਜ ਦਾ ਸੰਚਾਲਨ ਡੀਨ ਮਿਸਿਜ਼ ਪੂਜਾ ਅਤੇ ਮਿਸਿਜ਼ ਸ਼ੀਤਲ ਸ਼ਰਮਾ ਵੱਲੋਂ ਬਾਖੂਬੀ ਨਾਲ ਨਿਭਾਇਆ।

for more news visit:
www.samajweekly.com

## ਧਾਰਮਿਕ ਭਾਵਨਾਵਾਂ ਦਾ ਲਾਹਾ



ਜਨਤਾ ਦੀਆਂ ਧਾਰਮਿਕ ਭਾਵਨਾਵਾਂ ,
ਕਾਹਤੋਂ ਐਨੀ ਛੇਤੀ ਭੜਕਦੀਆਂ ।
ਝੱਟ ਹੀ ਸਮੇਂ ਦੀਆਂ ਸਰਕਾਰਾਂ ਵੀ ,
ਬਿਜਲੀ ਵਾਂਗੂੰ ਨੇ ਕੜਕਦੀਆਂ ।
ਜਿਸ ਵੇਲ਼ੇ ਆਰਥਿਕ ਭਾਵਨਾਵਾਂ ਨੂੰ ,
ਖ਼ੁਦ ਸਰਕਾਰਾਂ ਹੀ ਕੁਚਲ਼ਦੀਆ ;
ਸਾਡੇ ਭੋਲ਼ੇ ਭਾਲ਼ਿਆਂ ਲੋਕਾਂ ਤਾਈਂ ,
ਉਹ ਗੱਲਾਂ ਕਿਉਂ 'ਨੀਂ ਰੜਕਦੀਆਂ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

## ਵਿਦਿਆਰਥੀ/ ਸਰਕਾਰ

ਚੁਣਿਆ ਸੀ ਜਿਨ੍ਹਾਂ ਨੂੰ ਰਾਖੀ ਲਈ,
ਉਹ ਅੱਗੋਂ ਹੋਰ ਚੁਣਨ ਵਿੱਚ ਰੁੱਝੇ ਨੇ।
ਭੁੱਲ ਹੀਰਾ ਇੱਕ ਕੌਡੀ ਜਿੱਤਣ ਲਈ,
ਸਭ ਲਾਓ ਲਸ਼ਕਰ ਲੈ ਕੇ ਪੁੱਜੇ ਨੇ।
ਅੱਖਾਂ ਬੰਦ ਕਰ ਕੇ ਮਤੇ ਪਕਾਉਂਦੇ,
'ਹਾਥੀ' ਪਾਉਣ ਨੂੰ ਫਿਰਦੇ ਕੁੱਜੇ ਨੇ।
ਸਲਾਹੂ ਬਣ ਕੇ ਸਮਝਾਊ ਕਿਹੜਾ,
ਫੁਰਨੇ ਇਨ੍ਹਾਂ ਤਾਈਂ ਜਿਹੜੇ ਸੁੱਝੇ ਨੇ।
ਲਾਰਿਆਂ ਦੀ ਮਲ੍ਹਮ ਨੀ ਲੱਗਣੀ,
ਸਾਡੇ ਦੁੱਖ-ਦਰਦ ਬੜੇ ਹੀ ਗੁੱਝੇ ਨੇ।
ਚੁਟਕਲਿਆਂ ਨਾਲ ਹੱਲ ਨਹੀਂ ਹੋਣੇ,
ਸੁਆਲ ਜੋ ਟੇਢੇ ਅਤੇ ਅਣਬੁੱਝੇ ਨੇ।



**ਗੁਰਜਿੰਦਰ ਸਿੰਘ ਸਾਹਦੜਾ**
**9815302341**

## ਸਮਝੋਂ ਗੱਲ ਜ਼ਰੂਰੀ

ਸਾਹਮਣੇ ਆਕੇ ਲੜਨਾ ਸਿੱਖੋ, ਲੁੱਕੇ
ਰਹਿਣਾ ਤੁਸੀਂ ਉਹਲੇ
ਕਿੰਨੀ ਲੋਕ ਤਰੱਕੀ ਕਰ ਗਏ, ਤੁਸੀਂ
ਰਹਿਣਾ ਬੱਸ ਗੋਲੇ,,,,,,,
ਪੜ੍ਹ ਲਿਖ ਕੇ ਇਤਿਹਾਸ ਨੂੰ ਜਾਣੋ,,,,,,
ਕੋਈ ਨਾ ਮਾੜਾ ਆਖੂ,,,,,,,
ਤੁਹਾਨੂੰ
ਤੇ ਕੋਈ ਫਰਕ ਨਹੀਂ ਪੈਂਦਾ,,,,,
ਭਾਵੇਂ ਚੋਰ ਕਹਿਣ ਭਾਵੇਂ ਡਾਕੂ,,,,,,,
ਲੰਗਰਾਂ ਪਿੱਛੇ ਭੱਜੇ ਫਿਰਦੇ, ਮਰੀਆਂ
ਹੋਈਆਂ ਜ਼ਮੀਰਾਂ,,,,,,,,,,,,,,,,,,,,,
ਪੜ ਲਿਖ ਕੇ, ਮਿਹਨਤ ਦੇ ਨਾਲ,,,,,
ਬਦਲ ਦਿਓ ਤਕਦੀਰਾਂ,,,,,,,,,,,,,,,,,
ਤਾਨੇ ਮਿਹਣੇ ਕੋਈ ਨਾ ਮਾਰੂ,
ਨਾਂ ਕੋਈ ਤੁਹਾਡੇ ਵੱਲ ਝਾਕੂ,,,,,,,,,,,,,,,
ਤੁਹਾਨੂੰ ਤੇ ਕੋਈ ਫਰਕ ਨਹੀਂ ਪੈਂਦਾ,
ਭਾਵੇਂ ਚੋਰ ਕਹਿਣ ਭਾਵੇਂ ਡਾਕੂ,,,,
ਸਮਝਦਾਰੀ ਨਾਲ ਵੋਟਾਂ ਵੇਲੇ,ਆਪਣਾ
ਨੇਤਾ ਲੈਕੇ ਆਓ,,,,,,,,,
ਭਾਈ ਜੀਵਨ ਸਿੰਘ ਦੀ ਅਨਸ ਦੇ ਵਿੱਚੋਂ
ਥੋੜ੍ਹੀ ਬਹੁਤੀ ਅਣਖ ਜਗਾਓ
ਐਵੇਂ ਮੂਹਰੇ ਲਾਈ ਫਿਰਦੇ ਆ,,,,,,,
ਕਹਿਕੇ ਕੌਮ ਲੜਾਕੂ
ਤਹਾਨੂੰ ਤੇ ਕੋਈ ਫਰਕ ਨਹੀਂ ਪੈਂਦਾ
ਭਾਵੇਂ ਚੋਰ ਕਹਿਣ ਭਾਵੇਂ ਡਾਕੂ
ਸਮਝਦਾਰ ਕੁਝ ਚੰਗੇ ਬੰਦੇ,, ਨਾਲ
ਬੰਦਿਆਂ ਨੂੰ ਲੈਕੇ ਚੱਲੋਂ,,,,,,,,,,,,
ਹਰ ਘਰ ਦੇ ਵਿੱਚ ਹੋਕਾ ਲਾਵੋ, ਬੱਚੇ,
ਰੋਜ਼ ਸਕੂਲੇ ਘੱਲੋ,,,,,,,,,,,,,,,,,,
ਗੁਰਮੀਤ ਡੁਮਾਣੇ ਵਾਲਿਆ ਛੱਡਦੇ
ਗਾਇਰਾ ਨੂੰ ਕਹਿਣਾ ਬਾਪੂ,,,,,,,,,,
ਤਹਾਨੂੰ ਤੇ ਕੋਈ ਫਰਕ ਨਹੀਂ ਪੈਂਦਾ
ਭਾਵੇਂ ਚੋਰ ਕਹਿਣ ਭਾਵੇਂ ਡਾਕੂ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਕਈ ਲੋਕ

ਚਾਰ ਦਿਵਾਰੀ 'ਚ ਘੁਟ ਕੇ ,
ਮਰ ਜਾਂਦੇ ਨੇ ਕਈ ਲੋਕ।
ਯਕੀਨ ਜਦ ਟੁੱਟ ਜਾਵੇ ,
ਤਾਂ ਮਰ ਜਾਂਦੇ ਨੇ ਕਈ ਲੋਕ।
ਲਾ-ਇਲਾਜ਼ ਬਿਮਾਰੀ ਨਾਲ਼ ,
ਮਰ ਜਾਂਦੇ ਨੇ ਕਈ ਲੋਕ।
ਰੂਹ ਨੂੰ ਰੂਹ ਨਾ ਮਿਲ਼ੇ ,
ਤਾਂ ਮਰ ਜਾਂਦੇ ਨੇ ਕਈ ਲੋਕ।
ਜਦ ਇਨਸਾਫ਼ ਨਾ ਮਿਲ਼ੇ ,
ਤਾਂ ਮਰ ਜਾਂਦੇ ਨੇ ਕਈ ਲੋਕ।
ਅੱਤ ਦੀ ਹੋਵੇ ਗ਼ਰੀਬੀ ,
ਤਾਂ ਮਰ ਜਾਂਦੇ ਨੇ ਕਈ ਲੋਕ।
ਫ਼ਸਲਾਂ 'ਤੇ ਕਹਿਰ ਢਹੇ ,
ਤਾਂ ਮਰ ਜਾਂਦੇ ਨੇ ਕਈ ਲੋਕ।
ਹੋਣ ਨੂੰ ਤਾਂ ਹੋਣਾ ਕਹਿੰਦੇ ,
ਆਖ਼ਿਰ ਸਭ ਕਿਸਮਤ ਦਾ ,
"ਗੁਰੀ" ਮਿਹਨਤ ਨਾਲ਼ ਵੀ ,
ਜੇਕਰ ਮੰਜ਼ਿਲ ਨਾ ਮਿਲ਼ੇ ,
ਮਰ ਜਾਂਦੇ ਨੇ ਕਈ ਲੋਕ ,
ਤਾਂ ਮਰ ਜਾਂਦੇ ਨੇ ਕਈ ਲੋਕ।



**ਗੁਰੀ ਚੰਦੜ**
**ਪ੍ਰੀਤ ਨਗਰ ਸੰਗਰੂਰ।**
91154-91319

## ਜਨਮਦਿਨ ਮੁਬਾਰਕ



ਅਰਮਾਨਪ੍ਰੀਤ ਸਿੰਘ
ਪਿਤਾ - ਹਰਮੀਤ ਸਿੰਘ
ਮਾਤਾ -ਹਰਪ੍ਰੀਤ ਕੌਰ
ਸਥਾਨ-ਗੁਰੂ ਤੇਗ ਬਹਾਦਰ ਨਗਰ
ਜ਼ਿਲ੍ਹਾ -ਲੁਧਿਆਣਾ ।



ਗੋਬਿੰਦਪ੍ਰੀਤ ਸਿੰਘ
ਪਿਤਾ -ਹਰਮੀਤ ਸਿੰਘ
ਮਾਤਾ - ਹਰਪ੍ਰੀਤ ਕੌਰ
ਸਥਾਨ -ਗੁਰੂ ਤੇਗ ਬਹਾਦਰ ਨਗਰ
ਜ਼ਿਲ੍ਹਾ-ਲੁਧਿਆਣਾ ।

for more news visit:
www.samajweekly.com

# "ਪੰਡਿਤ ਜਵਾਹਰ ਲਾਲ ਨਹਿਰੂ ਆਧੁਨਿਕ ਭਾਰਤ ਦੇ ਨਿਰਮਾਤਾ" ਵਿਸ਼ੇ 'ਤੇ ਵਿਸ਼ਾਲ ਵਿਚਾਰ ਗੋਸ਼ਟੀ 21 ਨਵੰਬਰ ਨੂੰ- ਬਾਵਾ

**● ਕਿਹਾ- ਹਲਵਾਰਾ ਏਅਰਪੋਰਟ ਆਮ ਲੋਕਾਂ ਲਈ ਸ਼ੁਰੂ ਕਰਨ ਵਿੱਚ ਕੇਂਦਰ ਅਤੇ 'ਆਪ' ਸਰਕਾਰ ਜਾਣਬੁੱਝ ਕੇ ਢਿੱਲ ਵਰਤ ਰਹੀ ਹੈ ● ਰਵਿੰਦਰ ਸਿਆਣ ਦਾ ਵਿਦੇਸ਼ ਤੋਂ ਪਰਤਣ ਤੇ ਕੀਤਾ ਵਿਸ਼ੇਸ਼ ਸਨਮਾਨ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** "ਪੰਡਿਤ ਜਵਾਹਰ ਲਾਲ ਨਹਿਰੂ ਆਧੁਨਿਕ ਭਾਰਤ ਦੇ ਨਿਰਮਾਤਾ" ਵਿਸ਼ੇ 'ਤੇ ਵਿਸ਼ਾਲ ਵਿਚਾਰ ਗੋਸ਼ਟੀ 21 ਨਵੰਬਰ ਨੂੰ ਸਿਮਰਨ ਪੈਲੇਸ ਹਲਕਾ ਸਾਊਥ ਵਿਖੇ ਸਮਾਗਮ ਆਯੋਜਿਤ ਕਰਵਾਉਣ ਸੰਬੰਧੀ ਇੱਕ ਮੀਟਿੰਗ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ ਕੁੱਲ ਹਿੰਦ ਕਾਂਗਰਸ (ਓ.ਬੀ.ਸੀ) ਇੰਚਾਰਜ ਹਿਮਾਚਲ ਪ੍ਰਦੇਸ਼ ਦੀ ਸਰਪ੍ਰਸਤੀ ਹੇਠ ਹੋਈ ਜਿਸ ਵਿੱਚ ਪਵਨ ਦੀਵਾਨ ਸਾਬਕਾ ਜ਼ਿਲ੍ਹਾ ਪ੍ਰਧਾਨ ਕਾਂਗਰਸ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਇਸ ਸਮੇਂ ਸੀਨੀਅਰ ਕਾਂਗਰਸੀ ਨੇਤਾ ਰਵਿੰਦਰ ਸਿਆਣ ਦਾ ਕੈਨੇਡਾ ਤੋਂ ਪਰਤਣ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ 21 ਨਵੰਬਰ ਦੇ ਸਮਾਗਮ ਸੰਬੰਧੀ ਸਭ ਨੇ ਵਿਚਾਰ ਪੇਸ਼ ਕੀਤੇ ਅਤੇ ਬਾਵਾ ਨੂੰ ਭਰੋਸਾ ਦਿਵਾਇਆ ਕਿ ਉਹ ਸਾਥੀਆਂ ਸਮੇਤ ਸਮਾਗਮ ਵਿੱਚ ਆਉਣਗੇ। ਇਸ ਸਮੇਂ ਬਾਵਾ ਅਤੇ ਦੀਵਾਨ ਨੇ ਕਿਹਾ ਕਿ ਪੰਡਿਤ ਨਹਿਰੂ ਦੀ ਭਾਰਤ ਨੂੰ ਹਰ ਖੇਤਰ ਵਿੱਚ ਮਹਾਨ ਦੇਣ ਹੈ। ਉਹਨਾਂ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਭਾਖੜਾ ਡੈਮ, ਪੀ.ਜੀ.ਆਈ ਸਭ ਨਹਿਰੂ ਜੀ ਦੀ ਦੇਣ ਹਨ। ਇਸ ਸਮੇਂ



ਉਪਰੋਕਤ ਨੇਤਾਵਾਂ ਨੇ ਹਲਵਾਰਾ ਏਅਰਪੋਰਟ ਆਮ ਲੋਕਾਂ ਲਈ ਸ਼ੁਰੂ ਕਰਨ ਵਿੱਚ ਕੇਂਦਰ ਸਰਕਾਰ ਅਤੇ 'ਆਪ' ਸਰਕਾਰ ਵੱਲੋਂ ਜਾਣ ਬੁੱਝ ਕੇ ਵਰਤੀ ਜਾ ਰਹੀ ਢਿੱਲ ਦੀ ਆਲੋਚਨਾ ਕੀਤੀ। ਉਹਨਾਂ ਕਿਹਾ ਕਿ ਇਸ ਦਾ ਸ਼ੁਰੂ ਹੋਣਾ ਪੰਜਾਬ ਦੀ ਤਰੱਕੀ, ਪ੍ਰਵਾਸੀ ਭਾਰਤੀਆਂ, ਕਿਸਾਨਾਂ ਅਤੇ ਸਨਅਤਕਾਰਾਂ ਲਈ ਵਰਦਾਨ ਸਾਬਿਤ ਹੋਵੇਗਾ। ਉਹਨਾਂ ਕਿਹਾ ਕਿ ਤਰੱਕੀ ਦੇ ਕੰਮਾਂ ਨੂੰ ਸਿਆਸੀ ਤੱਕੜੀ ਵਿੱਚ ਨਹੀਂ ਤੋਲਣਾ ਚਾਹੀਦਾ ਜਦਕਿ ਇਸ ਦਾ ਸ਼ੁਭ ਆਰੰਭ ਸਵ. ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਵੱਲੋਂ ਕੀਤਾ ਗਿਆ ਸੀ। ਇਸ ਸਮੇਂ ਮੀਟਿੰਗ ਵਿੱਚ ਸੀਨੀਅਰ ਨੇਤਾ ਹਰਬੰਸ ਸਿੰਘ ਪਨੇਸਰ, ਬਲਵਿੰਦਰ ਸਿੰਘ ਗੋਰਾ, ਰਤਨੇਸ਼ ਸਿੰਘ ਪ੍ਰਬੰਧਕ ਸਕੱਤਰ, ਇੰਦਰਜੀਤ ਸ਼ਰਮਾ, ਸਲਾਉਦੀਨ, ਰਾਜਕੁਮਾਰ ਲੁਹਾਰਾ, ਠਾਕੁਰ ਪ੍ਰਸ਼ਾਦ, ਅਰਵਿੰਦ ਸੋਨੀ, ਧੀਰਜ ਕੁਮਾਰ, ਸੀਨੀਅਰ ਨੇਤਾ ਅਸ਼ਵਨੀ ਸ਼ਰਮਾ, ਮਨਜੀਤ ਸਿੰਘ ਠੇਕੇਦਾਰ, ਰਾਜ ਕੁਮਾਰ ਬਾਵਾ, ਅਜੇ ਕੁਮਾਰ, ਵੀਰਪਾਲ ਸਿੰਘ, ਦਇਆ ਰਾਮ ਵਰਮਾ, ਦੀਪਕ ਕੋਹਲੀ, ਗੌਤਮ ਕੁਮਾਰ, ਮਾਸਟਰ ਹਰੀਦੇਵ ਬਾਵਾ, ਰਿੱਕੀ ਬਾਵਾ, ਸ਼ਿੰਗਾਰਾ ਸਿੰਘ, ਰਜਿੰਦਰ ਸਿੰਘ ਖੁਰਲ, ਸੁਖਵਿੰਦਰ ਸਿੰਘ ਜਗਦੇਵ, ਮਹਿੰਦਰ ਸਿੰਘ ਆਦਿ ਹਾਜ਼ਰ ਸਨ।

# ਮਾਤਾ ਅਮਰ ਕੌਰ ਦੀ ਯਾਦ 'ਚ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ

## 124 ਤੋਂ ਵੱਧ ਮਰੀਜ਼ਾਂ ਦੀ ਕੀਤੀ ਜਾਂਚ

**ਬੰਗਾ, (ਚਰਨਜੀਤ ਸੱਲਾਂ):** - ਸ਼੍ਰੋਮਣੀ ਭਗਤ ਧੰਨਾ ਚੈਰੀਟੇਬਲ ਹਸਪਤਾਲ ਨੂਰਪੁਰ ਵਿਖੇ ਲੋਈ ਪਰਿਵਾਰ ਪਿੰਡ ਚੱਕ ਫੁੱਲੂ ਵਲੋਂ ਮਾਤਾ ਅਮਰ ਕੌਰ ਦੀ ਯਾਦ 'ਚ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਜਗਤਾਰ ਸਿੰਘ ਕਲੇਰ ਨੇ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਲੋਈ ਪਰਿਵਾਰ ਵਲੋਂ ਹਮੇਸ਼ਾ ਸਿਹਤ ਸਹੂਲਤਾਂ ਲਈ ਸਹਿਯੋਗ ਦਿੱਤਾ ਜਾਂਦਾ ਹੈ ਅਤੇ ਸਮੇਂ ਸਮੇਂ ਤੇ ਗਰੀਬ ਅਤੇ ਜ਼ਰੂਰਤਮੰਦ ਲੋਕਾਂ ਦੀ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਈ ਪਰਿਵਾਰ ਵਲੋਂ ਮਾਤਾ ਅਮਰ ਕੌਰ ਦੀ ਯਾਦ ਵਿੱਚ ਹਰ ਸਾਲ ਦਵਾਈਆਂ ਦੀ ਸੇਵਾ ਕੀਤੀ ਜਾਂਦੀ ਹੈ। ਇਸ ਮੌਕੇ 124 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੀਰ ਸਿੰਘ ਨੂਰਪੁਰ ਅਤੇ ਗੁਰਮੁੱਖ ਸਿੰਘ ਬਹਿਰਾਮ ਵਲੋਂ ਲੋਈ ਪਰਿਵਾਰ ਦਾ ਧੰਨਵਾਦ ਅਤੇ ਸਨਮਾਨ ਕੀਤਾ ਗਿਆ। ਪ੍ਰਧਾਨ





ਜਸਵੀਰ ਸਿੰਘ ਨੂਰਪੁਰ ਨੇ ਦੱਸਿਆ ਕਿ ਭਗਤ ਧੰਨਾ ਟਰੱਸਟ ਵਲੋਂ ਹਰ ਮਹੀਨੇ ਹਸਪਤਾਲ ਵਿੱਚ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਜਾਂਦਾ ਹੈ ਅਤੇ ਮਰੀਜਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਕੈਂਪ ਦੌਰਾਨ ਵੱਖ- ਵੱਖ ਲੈਬ ਟੈੱਸਟ ਵੀ ਮੁਫ਼ਤ ਕੀਤੇ ਗਏ। ਇਸ ਮੌਕੇ 'ਤੇ ਸੁਰਜੀਤ ਰਾਮ ਲੋਈ, ਹੰਸ ਰਾਜ ਲੋਈ, ਅਵਤਾਰ ਰਾਮ ਲੋਈ, ਵਿਜੇ ਕੁਮਾਰੀ, ਸਤਪਾਲ ਬੰਗਾ, ਸੋਨਿਕਾ, ਬਿੰਨੀ ਭਾਟੀਆ, ਜੋਗਾ ਸਿੰਘ ਮਲਕਪੁਰ, ਸੁਖਵਿੰਦਰ ਕੌਰ , ਜਸਵੀਰ ਕੌਰ ਬਾਲੋਂ, ਰੋਹਿਤ ਮਹੇ, ਸੁਨੀਤਾ ਧੀਮਾਨ ਬੀਨੇਵਾਲ, ਸੁਨੈਨਾ, ਸੁਨੀਲ ਫਗਵਾੜਾ, ਸੁੱਖਵਿੰਦਰ ਕੌਰ, ਮਨਜੀਤ ਕੌਰ, ਜੋਰਾਵਰ ਸਿੰਘ ਆਦਿ ਵੀ ਹਾਜ਼ਰ ਸਨ।

# ਡਿਪਟੀ ਮੈਡੀਕਲ ਕਮਿਸ਼ਨਰ ਵੱਲੋਂ ਸੀਐਚਸੀ ਹਰਿਆਣਾ, ਭੂੰਗਾ ਦਾ ਦੌਰਾ - ਸਿਹਤ ਸੇਵਾਵਾਂ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਵਾਤੀ ਸ਼ੀਮਾਰ ਨੇ ਕਮਿਊਨਿਟੀ ਹੈਲਥ ਸੈਂਟਰ ਹਰਿਆਣਾ ਅਤੇ ਸੀਐਚਸੀ ਭੂੰਗਾ ਦਾ ਦੌਰਾ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਅਸਿਸਟੈਂਟ ਹਸਪਤਾਲ ਐਡਮਿਨਿਸਟ੍ਰੇਟਰ (ਅੁਅ) ਡਾ. ਸ਼ਿਪਰਾ ਵੀ ਮੌਜੂਦ ਸਨ।ਡਾ. ਸਵਾਤੀ ਸ਼ੀਮਾਰ ਨੇ ਸੀਐਚਸੀ ਹਰਿਆਣਾ ਅਤੇ ਸੀਐਚਸੀ ਭੂੰਗਾ ਦੇ ਸੀਨੀਅਰ ਮੈਡੀਕਲ ਅਫਸਰ ਡਾ ਸੁਦੇਸ਼ ਰਾਜਨ ਦੇ ਸਹਿਯੋਗ ਨਾਲ ਸਿਹਤ ਕੇਂਦਰ ਵਿੱਚ ਮਰੀਜਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਵੱਖ-ਵੱਖ ਸੇਵਾਵਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਇਸ ਦੌਰਾਨ ਉਹਨਾਂ ਨੇ ਓਪੀਡੀ ਸੇਵਾਵਾਂ, ਐਮਰਜੈਂਸੀ, ਲੈਬੋਰਟਰੀ, ਰੇਡੀਓਲੋਜੀ ਵਿਭਾਗ,



ਓਪਰੇਸ਼ਨ ਥੀਏਟਰ, ਫਾਰਮੇਸੀ, ਡਿਸਪੈਂਸਰੀ ਅਤੇ ਵੈਕਸੀਨੇਸ਼ਨ ਵਿਭਾਗ ਦਾ ਮੁਆਇਨਾ ਕੀਤਾ। ਉਹਨਾਂ ਨੇ ਆਯੁਸ਼ਮਾਨ ਭਾਰਤ-ਸਿਹਤ ਬੀਮਾ ਯੋਜਨਾ ਦੇ ਤਹਿਤ ਮਰੀਜਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਡਾ. ਸ਼ੀਮਾਰ ਨੇ ਹਸਪਤਾਲ ਰਿਕਾਰਡ, ਦਵਾਈਆਂ ਦੀ ਉਪਲਬਧਤਾ, ਮਰੀਜਾਂ ਲਈ ਉਪਲਬਧ ਸੁਵਿਧਾਵਾਂ ਅਤੇ ਸਫਾਈ ਪ੍ਰਬੰਧ ਦੀ ਵੀ ਜਾਂਚ ਕੀਤੀ। ਇਸ ਮੌਕੇ ਉਹਨਾਂ ਨੇ ਮਰੀਜਾਂ ਨਾਲ ਸਿੱਧੀ ਗੱਲਬਾਤ ਕਰਕੇ ਉਹਨਾਂ ਦੇ ਸੁਝਾਅ ਤੇ ਸੰਤੁਸ਼ਟੀ ਬਾਰੇ ਜਾਣਕਾਰੀ ਲਈ। ਉਹਨਾਂ ਨੇ ਸਟਾਫ ਨੂੰ ਸਿਹਤ ਸੇਵਾਵਾਂ ਦੀ ਗੁਣਵੱਤਾ ਹੋਰ ਸੁਧਾਰਨ ਅਤੇ ਮਰੀਜਾਂ ਨਾਲ ਅਪਣਤ ਭਰਿਆ ਵਤੀਰਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ।

# ਪਹਿਲੀ ਅਤੇ ਦੂਜੀ ਵਿਸ਼ਵ ਯੁੱਧ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਚ ਲੈਸਟਰ ਚ ਵਿਸ਼ਾਲ ਸ਼ਰਧਾਂਜਲੀ ਸਮਾਗਮ

**ਬ੍ਰਿਸ,ਫੌਜ, ਪੁਲਿਸ, ਫਾਇਰ ਬ੍ਰਿਗੇਡ, ਸਮੇਤ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀਆਂ, ਸਿਟੀ ਕੌਂਸਲ ਦੇ ਨੁਮਾਇੰਦਿਆਂ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਸ਼ਹੀਦ ਸਿੱਖ ਫੌਜੀਆਂ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ**







**ਸ਼ਹੀਦ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵੱਖ ਵੱਖ ਮਹਿਕਮਿਆਂ ਦੇ ਅਧਿਕਾਰੀ, ਸਿਟੀ ਕੌਂਸਲਾ ਦੇ ਨੁਮਾਇੰਦੇ ਅਤੇ ਗੁਰੂ ਘਰਾਂ ਦੇ ਪ੍ਰਬੰਧਕ।ਤਸਵੀਰਾਂ:-ਸੁਖਜਿੰਦਰ ਸਿੰਘ ਢੱਡੇ**

















**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਅੱਜ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਵਿਕਟੋਰੀਆ ਪਾਰਕ ਚ ਸ਼ਹੀਦ ਸਿੱਖ ਫੌਜੀ ਦੇ ਬੁੱਤ ਦੇ ਕੋਲ ਪਹਿਲੀ ਅਤੇ ਦੂਜੀ ਵਿਸ਼ਵ ਜੰਗ ਦੇ ਸ਼ਹੀਦ ਸਿੱਖ ਫੌਜੀਆਂ ਦੀ ਯਾਦ ਵਿੱਚ ਇੱਕ ਵਿਸ਼ਾਲ ਸਰਧਾਜਲੀ ਸਮਾਗਮ ਕਰਵਾਇਆ ਗਿਆ। ਲੈਸਟਰ ਸਿਟੀ ਕੌਂਸਲ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਵਿਸ਼ਾਲ ਸਮਾਗਮ ਮੌਕੇ ਬਰਤਾਨੀਆ ਦੀ ਆਰਮੀ, ਪੁਲਿਸ, ਫਾਇਰ ਬ੍ਰਿਗੇਡ ਅਤੇ ਹੋਰ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀਆਂ ਸਮੇਤ ਸਿਟੀ ਕੌਂਸਲ ਦੇ ਮੇਅਰ ਪੀਟਰ ਸੋਲਜਬਰੀ, ਸਾਬਕਾ ਅਸਿਸਟੈਂਟ ਮੇਅਰ ਪਿਆਰਾ ਸਿੰਘ ਕਲੇਰ, ਲੋਰਡ ਮੇਅਰ ਅਤੇ ਕੌਂਸਲਰ ਦੀਪਕ ਬਜਾਜ, ਕੌਂਸਲਰ ਮਹਿੰਦਰ ਸਿੰਘ ਸੰਘਾ, ਕੌਂਸਲਰ ਮਨਜੀਤ ਕੌਰ, ਕੌਂਸਲਰ ਕੁਲਵਿੰਦਰ ਸਿੰਘ ਜੌਹਲ, ਓਡਬੀ ਵਿਗਸਟਨ ਦੀ ਮੇਅਰ ਜਸਬੀਰ ਕੌਰ ਚੌਹਾਨ, ਕੌਂਸਲਰ ਸੰਤੋਖ ਸਿੰਘ ਅਟਵਾਲ ,ਫਾਲਕਿਨ ਪ੍ਰਾਇਮਰੀ ਸਕੂਲ ਦੀ ਪ੍ਰਿੰਸੀਪਲ ਜਸਬੀਰ ਕੌਰ ਮਾਨ , ਕਰਤਾਰ ਸਿੰਘ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹੋਲੀ ਬੋਨ ਦੇ ਪ੍ਰਧਾਨ ਅਜਮੇਰ ਸਿੰਘ ਬਸਰਾ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜਿਪਸੀ ਦੇ ਪ੍ਰਧਾਨ ਜਰਨੈਲ ਸਿੰਘ ਰਾਣਾ, ਗੁਰਦੁਆਰਾ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਓਡਬੀ ਦੇ ਪ੍ਰਧਾਨ ਹਰਜਿੰਦਰ ਸਿੰਘ, ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਬੈਂਸ, ਗੁਰਦੁਆਰਾ ਪੰਥ ਪ੍ਰਕਾਸ਼ ਦੀ ਪ੍ਰਬੰਧਕ ਕਮੇਟੀ,ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਾਹਿਬ ਦੇ ਪ੍ਰਧਾਨ,ਗੁਰਦੁਆਰਾ ਲਕਬਰੋ ਦੀ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਬਾਦਲ ਯੂ ਕੇ ਦੇ ਆਗੂ ਮੁਖਤਿਆਰ ਸਿੰਘ ਝੰਡੇਰ , ਗੁਰਿੰਦਰ ਸਿੰਘ ਸਮਰਾ, ਸੁਖਦੇਵ ਸਿੰਘ ਔਜਲਾ, ਗੁਰਿੰਦਰ ਸਿੰਘ ਮਾਨ ਸਮੇਤ ਵੱਡੀ ਗਿਣਤੀ ਚ ਪੁੱਜੇ ਵੱਖ ਵੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਫੌਜੀਆਂ ਵੱਲੋਂ ਆਪਣੀਆਂ ਜਾਨਾਂ ਕੁਰਬ- ਾਨ ਕਰਕੇ ਸਿੱਖ ਕੌਮ ਨੂੰ ਦਿੱਤੇ ਗਏ ਸਨਮਾਨ ਅਤੇ ਆਜ਼ਾਦੀ ਲਈ ਸਮੂਹ ਸ਼ਹੀਦ ਸਿੱਖ ਫੌਜੀਆਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਤੇ ਮੁਖਤਿਆਰ ਸਿੰਘ ਝੰਡੇਰ ਨੇ ਆਪਣੇ ਨਾਨਾ ਸ਼ਹੀਦ ਸਿੱਖ ਫੌਜੀ ਅਮਰ ਸਿੰਘ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਕੁਰਬਾਨੀ ਤੇ ਫ਼ਖ਼ਰ ਮਹਿਸੂਸ ਕੀਤਾ। ਇਸ ਮੌਕੇ ਤੇ ਇਸ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਲੈਸਟਰ ਸਿਟੀ ਕੌਂਸਲ ਦੇ ਸਾਬਕਾ ਅਸਿਸਟੈਂਟ ਮੇਅਰ ਪਿਆਰਾ ਸਿੰਘ ਕਲੇਰ ਅਤੇ ਸਾਬਕਾ ਲੌਂਗ ਮੇਅਰ ਅਤੇ ਕੌਂਸਲਰ ਦੀਪਕ ਬਜਾਜ ਨੇ ਦੱਸਿਆ ਕਿ ਤਕਰੀਬਨ ਇਕ ਲੱਖ ਪੌਂਡ ਦੀ ਲਾਗਤ ਨਾਲ ਵਿਕਟੋਰੀਆ ਪਾਰਕ ਵਿੱਚ ਲਗਾਏ ਗਏ ਇਸ ਸ਼ਹੀਦ ਸਿੱਖ ਫੌਜੀ ਦੇ ਬੁੱਤ ਨੂੰ ਦੇਖ ਕੇ ਇੰਗਲੈਂਡ ਦੇ ਜੰਮਪਲ ਸਿੱਖ ਪਰਿਵਾਰਾਂ ਦੇ ਬੱਚੇ ਆਪਣੀ ਕੌਮ ਦੇ ਜੋਧਿਆਂ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਹੁੰਦੇ ਹਨ, ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਚ ਵੀ ਸਿੱਖ ਇਤਿਹਾਸ ਨਾਲ ਸੰਬੰਧਿਤ ਹੋਰ ਸੂਰਬੀਰਾ ਦੇ ਬੁੱਤ ਲੈਸਟਰ ਸ਼ਹਿਰ ਚ ਲਾਉਣ ਲਈ ਉਪਰਾਲੇ ਕੀਤੇ ਜਾਣਗੇ।

# ਯੂਨੀਵਰਸਿਟੀ ਫੁੱਟਬਾਲ ਲੀਗ ਅੰਤਰ ਕਾਲਜ ਦੇ ਤੀਸਰੇ ਦਿਨ ਹੋਏ ਫਸਵੇਂ ਮੁਕਾਬਲੇ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪ੍ਰਿੰਸੀਪਲ ਡਾ ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਸਿੱਖ ਨੈਸ਼ਨਲ ਕਾਲਜ, ਬੰਗਾ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਫੁੱਟਬਾਲ ਲੀਗ (ਅੰਤਰਿ ਕਾਲਜ) ਦੇ ਤੀਜੇ ਦਿਨ ਤਿੰਨ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਯੁਵਾ ਜੋਸ਼ ਅਤੇ ਖੇਡ ਭਾਵਨਾ ਦਾ ਉੱਚਾ ਮਿਆਰ ਦਰਸਾਇਆ। ਪਹਿਲਾ ਮੈਚ ਮੋਹਨ ਲਾਲ ਉੱਪਲ ਡੀ.ਏ.ਵੀ. ਕਾਲਜ ਅਤੇ ਡੀ.ਏ.ਵੀ. ਕਾਲਜ, ਜਲੰਧਰ ਦਰਮਿਆਨ ਜ਼ੋਰਦਾਰ ਹੋਇਆ, ਜਿਸ ਵਿੱਚ ਦੋਹਾਂ ਟੀਮਾਂ ਨੇ ਇੱਕ-ਇੱਕ ਗੋਲ ਕਰਕੇ ਮੁਕਾ-ਬਲੇ ਨੂੰ ਟਾਈ 'ਚ ਖਤਮ ਕੀਤਾ। ਮੁੱਖ ਮਹਿਮਾਨ ਸ. ਜਰਨੈਲ ਸਿੰਘ ਪੱਲੀਝਿੱਕੀ, ਪ੍ਰਧਾਨ ਪੰਜਾਬ ਫੁੱਟਬਾਲ ਐਸੋਸੀਏਸ਼ਨ, ਹਾਜਰ ਰਹੇ ਅਤੇ ਉਨ੍ਹਾਂ ਨੇ ਦੋਹਾਂ ਟੀਮਾਂ ਦੇ ਪ੍ਰਦਰਸ਼ਨ ਦੀ ਸਿਰ-ਾਹਣਾ ਕੀਤੀ। ਦੂਸਰਾ ਮੁਕਾਬਲਾ ਸਿੱਖ ਨੈਸ਼ਨਲ



ਕਾਲਜ, ਬੰਗਾ ਅਤੇ ਗੁਰੂ ਨਾਨਕ ਕਾਲਜ ਸੁਖਚੈਨਨਾ ਸਾਹਿਬ, ਫਗਵਾੜਾ ਵਿਚਕਾਰ ਹੋਇਆ, ਜਿਸ ਵਿੱਚ ਮਿਜਬਾਨ ਟੀਮ ਨੇ 1-0 ਨਾਲ ਜਿੱਤ ਦਰਜ ਕੀਤੀ। ਇਸ ਮੈਚ ਦੇ ਮੁੱਖ ਮਹਿਮਾਨ ਅਮਰੀਕਾ ਤੋਂ ਆਏ ਪ੍ਰਸਿੱਧ ਵਾਲੀਬਾਲ ਖਿਡਾਰੀ ਸ. ਚਰਨ ਸਿੰਘ ਗਿੱਲ ਸਨ, ਜਿਨ੍ਹਾਂ ਨੇ ਜੇਤੂ ਟੀਮ ਨੂੰ ਵਧਾਈ ਦਿੱਤੀ ਅਤੇ ਖਿਡਾਰੀਆਂ ਨੂੰ ਹੋਰ ਵਧੀਆ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ। ਤੀਜੇ ਅਤੇ ਆਖ਼ਰੀ ਮੈਚ ਵਿੱਚ ਐਲ.ਕੇ.ਸੀ. ਜਲੰਧਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਉਤਰੇ। ਦੋਹੇ ਟੀਮਾਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਮੈਚ 2-2 ਗੋਲ ਨਾਲ ਮੈਚ ਬਰਾਬਰੀ ਤੇ ਖਤਮ ਕੀਤਾ। ਮੁੱਖ ਮਹਿਮਾਨ ਸ. ਹਰਜਿੰਦਰ ਸਿੰਘ ਜੱਗਾ, ਸਕੱਤਰ ਪੰਜਾਬ ਫੁੱਟਬਾਲ ਐਸੋਸੀਏਸ਼ਨ, ਨੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕੀਤੀ। ਇਹ ਮੁਕਾ-ਬਲੇ ਹੌਂਸਲੇ ਤੇ ਸਹਿਯੋਗ ਦੀ ਮਿਸਾਲ ਸਾਬਤ ਹੋਏ। ਦਰਸ਼ਕਾਂ ਵੱਲੋਂ ਭਰਪੂਰ ਉਤਸ਼ਾਹ ਮਿਲਿਆ ਅਤੇ ਖਿਡਾਰੀਆਂ ਨੇ ਕਲਾ ਤੇ ਜਨੂਨ ਨਾਲ ਖੇਡ ਪੇਸ਼ ਕੀਤਾ।

# ਤਰਲੋਚਨ ਸਿੰਘ ਸੂੰਢ ਦੀ ਬੇਵਕਤੀ ਮੌਤ ਨਾਲ ਇਲਾਕੇ ਲਈ ਬਹੁਤ ਹੀਵੱਡਾ ਘਾਟਾ: ਵੱਖ ਵੱਖ ਆਗੂ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਕਾਂਗਰਸ ਦੇ ਸੀਨੀਅਰ ਆਗੂ ਅਤੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਸੀਨੀਅਰ ਕਾਂਗਰਸੀ ਆਗੂ ਸੁਰਿੰਦਰ ਸ਼ਿੰਦਾ ਰੈਲਮਾਜਰਾ ਨੇ ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂੰਢ ਅਕਾਲ ਚਲਾਣੇ ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਸੂੰਢ ਦਾ ਅਕਾਲ ਚਲਾਣਾ ਇਲਾਕੇ ਲਈ ਵੱਡਾ ਘਾਟਾ ਹੈ ਜੋ ਕਿ ਕਦੀ ਵੀ ਪੂਰਾ ਨਹੀਂ ਹੋ ਸਕਦਾ। ਸਾਲ 1997 ਅਜ਼ਾਦ ਉਮੀਦਵਾਰ ਵਜੋਂ ਰਾਜਨੀਤੀ ਵਿੱਚ ਦਾਖਲ ਹੋਏ ਤਰਲੋਚਨ ਸੂੰਢ ਜੋ ਲਗਾਤਾਰ ਇਲਾਕੇ ਭਰ ਦੇ ਲੋਕਾਂ ਵਿਸ਼ੇਸ਼ ਤੌਰ ਤੇ ਗਰੀਬ ਮਜ਼ਲੂਮ ਲੋਕਾਂ ਲਈ ਸੰਘਰਸ਼ਸ਼ੀਲ ਰਹੇ ਅਤੇ ਹਮੇਸ਼ਾ ਲੋਕਾਂ ਦੀ ਲੜਾਈ ਯੋਧਿਆਂ ਵਾਂਗ ਲੜੀ। ਸੂੰਢ ਪਰਿਵਾਰ ਦੀ ਗੱਲ ਕਰਦਿਆਂ ਵੱਖ ਆਗੂਆਂ ਨੇ ਕਿਹਾ ਕਿ ਤਰਲੋਚਨ ਸਿੰਘ ਸੂੰਢ ਦੇ ਪਿਤਾ ਚੋਧਰੀ ਜਗਤ ਰਾਮ ਸੂੰਢ ਇਲਾਕੇ ਦੇ ਮੰਨੀ ਪ੍ਰਮੰਨੀ ਸ਼ਖਸ਼ੀਅਤ ਸਨ, ਜਿਹਨਾਂ ਨੂੰ ਅੱਤਵਾਦੀਆਂ ਵਲੋਂ ਸਾਲ 1988 ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਤਰਲੋਚਨ ਸੂੰਢ ਪਰਿਵਾਰ ਦਾ ਰਾਜਨੀਤੀ ਦੇ ਪਿਛੋਕੜ ਤੇ ਝਾਤ ਪਾਉਂਦਿਆਂ ਆਗੂਆਂ ਕਿਹਾ ਕਿ ਸਾਲ 1972 ਚ ਜਗਤ ਰਾਮ ਸੂੰਢ 21248 ਵੋਟਾਂ ਲੈ ਕੇ ਜਿੱਤੇ ਸਨ ਅਤੇ 1977 ਵਿਚ 22083 ਵੋਟਾਂ ਲੈਂਬੇ ਦੂਜੇ ਨੰਬਰ ਤੇ ਰਹੇ ਜਦੋਂ ਕਿ ਸੀਪੀਐਮ ਦੇ ਹਰਬੰਸ ਸਿੰਘ ਜਿੱਤੇ ਸਨ। ਸਾਲ 1980 ਚ ਕਾਂਗਰਸ ਵਲੋਂ ਜਗਤ ਰਾਮ ਸੂੰਢ 24853 ਵੋਟਾਂ ਲੈਕੇ ਜਿੱਤੇ ਸਨ। 1985 ਵਿਚ ਜਗਤ ਰਾਮ







ਸੂੰਢ 20797 ਵੋਟਾਂ ਲੈਕੇ ਦੂਜੇ ਨੰਬਰ ਤੇ ਰਹੇ ਜਦੋਂਕਿ ਇਥੋਂ ਬਲਵੰਤ ਸਿੰਘ ਸਰਹਾਲ ਜਿੱਤੇ ਸਨ। ਇਸੇ ਤਰ੍ਹਾਂ ਤਰਲੋਚਨ ਸੂੰਢ ਰਾਜਨੀਤਕ ਜੀਵਨ ਸਾਲ 1997 ਆਜ਼ਾਦ ਉਮੀਦਵਾਰ ਵਜੇ 14909 ਵੋਟਾਂ ਲੈਕੇ ਤੀਜੇ ਨੰਬਰ ਤੇ ਰਹੇ। ਕਾਂਗਰਸ ਦੇ ਉਮੀਦਵਾਰ ਪਾਖਰ ਸਿੰਘ ਨਿਮਾਣਾ ਚੌਥੇ ਨੰਬਰ ਤੇ ਰਹੇ। ਸਾਲ 2002 ਵਿੱਚ ਤਰਲੋਚਨ ਸੂੰਢ 27574 ਵੋਟਾਂ ਲੈ ਕੇ ਅਤੇ 2007 ਵਿਚ 33856 ਵੋਟਾਂ ਲੈਕੇ ਦੂਜੇ ਨੰਬਰ ਤੇ ਰਹੇ। ਲੇਕਿਨ ਸਾਲ 2012 ਵਿੱਚ 42023 ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ । ਪ੍ਰੰਤੂ ਸਾਲ 20 17 ਆਜ਼ਾਦ ਉਮੀਦਵਾਰ ਵਜੋਂ ਤਰਲੋਚਨ ਸਿੰਘ ਸੂੰਢ ਨੇ ਚੋਣ ਲੜੀ ਅਤੇ 6294 ਵੋਟਾਂ ਪ੍ਰਾਪਤ ਕੀਤੀਆਂ ਕਿਉਂਕਿ ਸਤਨਾਮ ਸਿੰਘ ਕੈਂਥ ਕਾਂਗਰਸ ਦੇ ਉਮੀਦਵਾਰ ਸਨ ਜੋਕਿ 13048 ਵੋਟਾਂ ਲੈਕੇ ਜਿੱਤ ਗਏ। ਇੰਞ ਸਾਲ 2022 ਸੂਦ 32269 ਲੈ ਕੇ ਦੂਸਰੇ ਨੰਬਰ ਤੇ ਰਹੇ। ਸਭ ਤੋਂ ਵੱਡੀ ਗੱਲ ਇਹ ਆ ਕਿ ਰਾਜਨੀਤੀ ਪਰਿਵਾਰ ਵਲੋਂ ਰਾਜਨੀਤੀ ਦੀ ਸੰਘਰਸ਼ਸ਼ੀਲਤਾ ਨਾਲ ਕੀਤੀ ਗਈ ਕਿ ਆਪਣਾ ਆਖਰੀ ਸ਼ਾਹ ਵੀ ਤਰਨ ਤਾਰਨ ਉਪ ਚੋਣ ਵਿੱਚ ਲਿਆ ਜਿੱਥੇ ਕਿ ਪਿੱਛਲੇ 11 ਦਿਨਾਂ ਤੋਂ ਹੋਟਲ ਵਿਚ ਕਮਰਾ ਕਿਰਾਏ ਤੇ ਲੈ ਕੇ ਕਾਂਗਰਸ ਪਾਰਟੀ ਲਈ ਪ੍ਰਚਾਰ ਕਰ ਰਹੇ ਸਨ।ਉਨ੍ਹਾਂ ਕਿਹਾ ਵਲੋਂ ਤਰਲੋਚਨ ਸਿੰਘ ਸੂੰਢ ਦੀ ਬੇਵਕਤੀ ਮੋਤ ਦਾ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕੁਦਰਤ ਅੱਗੇ ਅਰਦਾਸ ਕਰਦੇ ਹਾਂ ਇੱਕ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ।

# ਵਿਸ਼ਵ ਪ੍ਰਸਿੱਧ ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਜੀ ਨੂੰ ਜਨਮ ਦਿਨ ਮੌਕੇ ਉਨਾਂ ਦੇ ਜੀਵਨ ਜਾਚ ਦੀ ਤਸਵੀਰ ਖਿੱਚਦੀ ਕੁਲਦੀਪ ਚੁੰਬਰ ਕਨੇਡਾ ਵਲੋਂ ਲਿਖੀ ਗਈ ਰਚਨਾ ਆਪ ਦੇ ਸਨਮੁੱਖ ਪੇਸ਼ ਹੈ

**ਗੀਤਾਂ ਦਾ ਵਣਜਾਰਾ "ਰੱਤੂ ਰੰਧਾਵਾ"**

ਲਿਖੀ ਜਾਂਦੀ ਇਤਿਹਾਸ ਕੌਮ ਦਾ ਦੇਖੋ ਕਲਮ ਏਹ ਸਾਰਾ
ਰੱਤੂ ਪਿੰਡ ਰੰਧਾਵੇ ਵਾਲਾ , ਗੀਤਾਂ ਦਾ ਵਣਜਾਰਾ
ਕੁਲਦੀਪ ਮਾਣਕ, ਸੁਰਿੰਦਰ ਸ਼ਿੰਦਾ,ਪਰਮਿੰਦਰ ਸੰਧੂ ਗਾਇਆ
ਹੰਸ ਰਾਜ, ਸਲੀਮ ਤੇ ਸਾਬਰ ,ਕੇ ਐਸ ਮੱਖਣ ਛਾਇਆ
ਪਿੱਛੇ ਰਿਹਾ ਨਾ ਬਖਸ਼ੀ ਬਿੱਲਾ, ਰੂਪੋਵਾਲੀਆ ਯਾਰਾ
ਰੱਤੂ ਪਿੰਡ ਰੰਧਾਵੇ ਵਾਲਾ..........
ਮਕਬੂਲ,ਪਾਲੀ, ਪੰਛੀ ਤੇ ਪੂਜਾ ਨੇ ਵੀ ਗਾਏ ਗਾਣੇ
ਅਰਸ਼ੀ, ਬੂਟਾ ਮੁਹੰਮਦ, ਸੁਦੇਸ਼ ਦੇ ਕਈ ਰਿਕਾਰਡ ਦੋਗਾਣੇ
ਸਰਬਜੀਤ, ਲੱਕੀ ਤੇ ਰਾਣਾ ਪੱਪੂ, ਲਾਹੌਰੀਆ ਪਿਆਰਾ
ਰੱਤੂ ਪਿੰਡ ਰੰਧਾਵੇ ਵਾਲਾ..........
ਮੋਢੀ ਇਨਕਲਾਬ ਦਾ ਲਿਖਿਆ ਘਰ ਘਰ ਹੋ ਗਈ ਚਰਚਾ
ਮੋਹਣ ਬੰਗੜ ਦੇ ਗੀਤ ਅਨੇਕਾਂ ਹੋਣ ਦਿੱਤਾ ਨਾ ਖਰਚਾ
ਲਤਾ, ਗਿੰਨੀ, ਜੋਤੀ ਨੂਰਾਂ ਨੇ ਰੱਖਿਆ ਬੰਨ੍ਹ ਨਜ਼ਾਰਾ
ਰੱਤੂ ਪਿੰਡ ਰੰਧਾਵੇ ਵਾਲਾ..........
ਰਜਨੀ, ਬਿੱਟੂ, ਧੀਰ, ਆਜ਼ਾਦ, ਦਦਰਾਲ ਨੇ ਗਾਏ ਅਨੇਕਾਂ ਕੁਲਦੀਪ ਚੁੰਬਰ ਦੇ ਕਿੰਨੇ ਗਾਣੇ ਗਿਣ ਉਂਗਲਾਂ ਤੇ ਦੇਖਾਂ



ਤੱਲ੍ਹਣ, ਮਹਿਮੀ, ਨੀਲਮ ,ਪਾਰਸ ਕਲਮੋਂ ਲਿਆ ਸਹਾਰਾ
ਰੱਤੂ ਪਿੰਡ ਰੰਧਾਵੇ ਵਾਲਾ.........
ਕਿੰਨੇ ਗਾ ਗਏ ਕਿੰਨਿਆਂ ਗਾਉਣਾ ਗਿਣਤੀ ਕੋਈ ਨਾ ਹੋਵੇ
ਇਹ ਕਲਮ ਨਿਰੰਤਰ ਚੱਲਦੀ ਗੀਤੋਂ ਗੀਤ ਪਰੋਵੇ
ਦੇਸ਼ ਵਿਦੇਸ਼ 'ਚ ਧੁੰਮਾਂ ਪਈਆਂ ਸੌਖਾ ਹੋਇਆ ਗੁਜ਼ਾਰਾ
ਰੱਤੂ ਪਿੰਡ ਰੰਧਾਵੇ ਵਾਲਾ..........
ਬਹੁਤਿਆਂ ਦੇ ਨਾਂ ਰਹਿ ਗਏ ਹੋਣੇ ਗੀਤ ਬੜੇ ਓਸ ਵੰਡੇ
ਸੂਈ ਧਾਗੇ ਦਾ ਕੰਮ ਉਸ ਕੀਤਾ ਨਾ ਬੀਜੇ ਕਦੇ ਕੰਡੇ
ਤੁਰਿਆ ਮੜਕ ਦੇ ਨਾਲ ਹਮੇਸ਼ਾ ਨਾ ਕੋਈ ਕੂੜ ਖਿਲਾਰਾ
ਰੱਤੂ ਪਿੰਡ ਰੰਧਾਵੇ ਵਾਲਾ..........
ਸਾਹਿਤ ਸੱਭਿਆਚਾਰ ਤੇ ਵਿਰਸਾ ਧਰਮ ਦੇ ਜੋ ਲਿਖਾਰੀ
ਜੁੱਗ ਜੁੱਗ ਜੀਵਣ ਕਲਮਾਂ ਜੋ ਨੇ ਲਾਉਂਦੀਆਂ ਚੋਟ ਕਰਾਰੀ
"ਕੁਲਦੀਪ ਚੁੰਬਰ" ਦੀ ਰਚਨਾ ਕਰਦੀ ਰੱਤੂ ਵੱਲ ਇਸ਼ਾਰਾ
ਰੱਤੂ ਪਿੰਡ ਰੰਧਾਵੇ ਵਾਲਾ..........

**ਪੇਸ਼ਕਸ਼ : ਕੁਲਦੀਪ ਚੁੰਬਰ ਕਨੇਡਾ**
**604-902-3237**





# ਅੰਬੇਡਕਰ ਮਿਸ਼ਨ ਸੁਸਾਇਟੀ 26 ਨਵੰਬਰ ਨੂੰ ਮਨਾਏਗੀ ਸੰਵਿਧਾਨ ਦਿਵਸ

**ਜਲੰਧਰ (ਸਮਾਜ ਵੀਕਲੀ)**: ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਮੀਟਿੰਗ ਸੁਸਾਇਟੀ ਦੇ ਉਪ ਪ੍ਰਧਾਨ ਪ੍ਰੋ. ਬਲਬੀਰ ਜੀ ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਭਾਰਤ ਦੇ ਸੰਵਿਧਾਨ ਦੀ ਯਾਦ ਵਿੱਚ ਅਤੇ ਨਾਗਰਿਕਾਂ ਨੂੰ ਇਸਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ 26 ਨਵੰਬਰ, 2025 ਨੂੰ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਸੰਵਿਧਾਨ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਉੱਚ ਬੁੱਧੀਜੀਵੀ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਭਾਰਦਵਾਜ ਨੇ ਕਿਹਾ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਨੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸਾਦ ਨੂੰ ਭਾਰਤੀ ਸੰਵਿਧਾਨ ਦਾ ਅੰਤਿਮ ਖਰੜਾ ਪੇਸ਼ ਕੀਤਾ। ਇਹ ਖਰੜਾ ਸ਼ੁਰੂ ਵਿੱਚ 21 ਫਰਵਰੀ, 1948 ਨੂੰ ਮੁੱਢਲੀ ਚਰਚਾ ਲਈ ਪੇਸ਼ ਕੀਤਾ ਗਿਆ ਸੀ, ਜਿਸ ਤੋਂ ਬਾਅਦ ਇਸ ਉੱਤੇ ਵਿਧਾਨ ਸਭਾ ਦੁਆਰਾ ਬਹਿਸਾਂ ਅਤੇ ਸੋਧਾਂ ਦੀ ਇੱਕ ਲੜੀ ਕੀਤੀ ਗਈ। ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਵਿੱਚ 2 ਸਾਲ, 11 ਮਹੀਨੇ ਅਤੇ 18 ਦਿਨ ਲੱਗੇ। ਇਹ 9 ਦਸੰਬਰ, 1946 ਨੂੰ ਸ਼ੁਰੂ ਹੋਇਆ ਸੀ, ਅਤੇ 26 ਨਵੰਬਰ, 1949 ਨੂੰ ਅਪਣਾਇਆ ਗਿਆ ਸੀ, ਅਤੇ 26 ਜਨਵਰੀ, 1950 ਨੂੰ ਪੂਰੀ ਤਰ੍ਹਾਂ ਲਾਗੂ ਹੋਇਆ, ਜਿਸ ਨਾਲ ਭਾਰਤ ਇੱਕ ਪ੍ਰਭੂਸੱਤਾ ਸੰਪੰਨ, ਲੋਕਤੰਤਰੀ ਗਣਰਾਜ ਵਜੋਂ ਸਥਾਪਿਤ ਹੋਇਆ। ਭਾਰਦਵਾਜ ਨੇ ਅੱਗੇ ਕਿਹਾ ਕਿ ਭਾਰਤੀ ਸੰਵਿਧਾਨ ਅਨੁਸੂਚਿਤ ਜਾਤੀਆਂ (ਸ਼ਡਸ) ਨੂੰ ਵੱਖ-ਵੱਖ ਧਾਰਾਵਾਂ ਰਾਹੀਂ ਅਧਿਕਾਰ ਪ੍ਰਦਾਨ ਕਰਦਾ ਹੈ ਜੋ ਵਿਤਕਰੇ ਨੂੰ ਮਨ੍ਹਾ ਕਰਦੇ ਹਨ, ਸਮਾਜਿਕ ਅਤੇ ਆਰਥਿਕ ਉੱਨਤੀ ਨੂੰ ਯਕੀਨੀ ਬਣਾਉਂਦੇ ਹਨ, ਅਤੇ ਰਾਜਨੀਤਿਕ ਪ੍ਰਤੀਨਿਧਤਾ ਦੀ ਗਰੰਟੀ ਦਿੰਦੇ ਹਨ। ਮੁੱਖ ਉਪਬੰਧਾਂ ਵਿੱਚ ਛੂਤ-ਛਾਤ ਦੇ ਖਾਤਮੇ ਲਈ ਧਾਰਾ 17, ਵਿਦਿਅਕ ਅਤੇ ਆਰਥਿਕ ਹਿੱਤਾਂ ਨੂੰ ਉਤਸ਼ਾਹਿਤ ਕਰਨ ਲਈ ਧਾਰਾ 46, ਵਿਧਾਨ ਸਭਾਵਾਂ ਵਿੱਚ ਰਾਖਵੀਆਂ ਸੀਟਾਂ ਲਈ ਧਾਰਾ 330 ਅਤੇ 332, ਅਤੇ ਜਨਤਕ ਸੇਵਾਵਾਂ ਵਿੱਚ ਰਾਖਵੇਂਕਰਨ ਲਈ ਧਾਰਾ 335 ਸ਼ਾਮਲ ਹਨ। ਭਾਰਤੀ ਸੰਵਿਧਾਨ ਸ਼ਾਂਤੀ ਅਤੇ ਯੁੱਧ ਦੋਵਾਂ ਵਿੱਚ ਕੰਮ ਕਰਦਾ ਹੈ, ਹਾਲਾਂਕਿ ਇਹ ਧਾਰਾ 51 ਰਾਹੀਂ ਸ਼ਾਂਤੀ 'ਤੇ ਜ਼ੋਰ ਦਿੰਦਾ ਹੈ, ਜਦੋਂ ਕਿ ਸੰਘਰਸ਼ ਦੌਰਾਨ ਰਾਸ਼ਟਰੀ ਸੁਰੱਖਿਆ ਅਤੇ ਐਮਰਜੈਂਸੀ ਸ਼ਕਤੀਆਂ ਲਈ ਇੱਕ ਢਾਂਚਾ ਪ੍ਰਦਾਨ ਕਰਦਾ ਹੈ। ਮਿਸ਼ਨ ਸੁਸਾਇਟੀ ਸਾਰੇ ਅਗਾਂਹ ਵਧੂ ਵਿਚਾਰਾਂ ਦੇ ਲੋਕਾਂ ਨੂੰ ਇਤਿਹਾਸਕ ਸਥਾਨ ਅੰਬੇਡਕਰ ਭਵਨ ਵਿਖੇ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦੀ ਹੈ। ਇਸ ਮੌਕੇ ਡਾ. ਜੀ.ਸੀ. ਕੌਲ, ਪਰਮਿੰਦਰ ਸਿੰਘ ਖੁੱਟਣ, ਡਾ. ਮਹਿੰਦਰ ਸੰਧੂ, ਨਿਰਮਲ ਸਿੰਘ ਬਿੰਜੀ, ਡਾ. ਕਮਲਸ਼ੀਲ ਬਾਲੀ ਅਤੇ ਡਾ. ਚਰਨਜੀਤ ਸਿੰਘ ਮੌਜੂਦ ਸਨ।



ਅੰਬੇਡਕਰ ਮਿਸ਼ਨ ਸੁਸਾਇਟੀ ਦੇ ਆਗੂ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ।

**ਬਲਦੇਵ ਰਾਜ ਭਾਰਦਵਾਜ,**
**ਜਨਰਲ ਸਕੱਤਰ,**
**ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.)**

# "ਪਰਵਾਰਿਕ ਜੀਆਂ ਪ੍ਰਤੀ ਸ਼ੱਕ ਅਤੇ ਗ਼ਲਤ ਫਹਿਮੀ ਮਨ ਚੋਂ ਕੱਢ ਕੇ ਹੀ ਘਰ ਆਬਾਦ ਰੱਖੇ ਜਾ ਸਕਦੇ ਹਨ"



ਅੱਜ 21ਵੀਂ ਸਦੀ ਵਿੱਚ ਬੇਸ਼ੱਕ ਅਸੀਂ ਬਹੁਤ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਰਹੇ ਆਂ ਪਰ ਇਸ ਤੋਂ ਵੀ ਕਦੇ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਅਜੋਕੇ ਹਾਲਾਤ ਹੱਦੋਂ ਵੱਧ ਮਹਿੰਗਾਈ ਨੇ ਘਰ ਦੇ ਹਰ ਜੀਅ ਨੂੰ ਕੰਮ ਧੰਦਾ ਕਰਨ ਲਈ ਮਜਬੂਰ ਕਰ ਦਿੱਤਾ ਹੈ। ਆਮ ਹੀ ਕਿਹਾ ਜਾਂਦਾ ਹੈ ਕਿ ਜੇਕਰ ਘਰ ਦਾ ਇਕੱਲਾ ਇਕੱਲਾ ਜੀਅ ਕੰਮ ਕਰੇਗਾ ਤਾਂ ਕਿਤੇ ਜਾ ਕੇ ਰੋਟੀ ਨਸੀਬ ਹੁੰਦੀ ਹੈ। ਬੇਸ਼ੱਕ ਬੱਚੇ ਅੱਜ ਕੱਲ ਬਹੁਤ ਪੜ੍ਹਾਈ ਤੇ ਉੱਚ ਕੋਟੀ ਦੀਆਂ ਡਿਗਰੀਆਂ ਲੈ ਰਹੇ ਹਨ। ਇਸ ਦੇ ਉਲਟ ਰੁਜ਼ਗਾਰ ਦੇ ਵਸੀਲੇ ਘੱਟ ਹਨ ਤੇ ਅਕਸਰ ਹੀ ਅਖਬਾਰਾਂ ਦੀਆਂ ਸੁਰਖੀਆਂ ਇਸਦੀ ਹਾਮੀ ਭਰਦੀਆਂ ਰਹਿੰਦੀਆਂ ਹਨ। ਅੱਜ-ਕੱਲ੍ਹ ਬਹੁਤ ਬੇਰੁਜ਼ਗਾਰੀ ਵੱਧ ਚੁੱਕੀ ਹੈ ਪਰ ਕਈ ਕਈ ਐਸੇ ਘਰ ਹਨ ਜਿਨਾਂ ਦੇ ਸਾਰੇ ਸਾਰੇ ਜੀਅ ਵਧੀਆ ਸਰਕਾਰੀ ਨੌਕਰੀਆਂ ਜਾਂ ਚੰਗੀਆਂ ਕੰਪਨੀਆਂ ਵਿੱਚ ਸੈਟਲ ਹਨ ਅਤੇ ਚੰਗੀਆਂ ਤਨਖਾਹਾਂ ਲੈਂਦੇ ਹਨ। ਪਰ ਫਿਰ ਵੀ ਘਰਾਂ ਵਿੱਚ ਬੇਇਤਫਾਕੀ ਤੇ ਲੜਾਈ ਝਗੜੇ ਅਕਸਰ ਹੁੰਦੇ ਰਹਿੰਦੇ ਹਨ। ਜੇਕਰ ਤਸਵੀਰ ਦੇ ਦੂਜੇ ਪਾਸੇ ਨੂੰ ਵੇਖੀਏ ਤਾਂ ਕਈ ਕਈ ਘਰਾਂ ਵਿੱਚ ਤਕਰੀਬਨ ਸਾਰੇ ਹੀ ਜੀਅ ਪੜੇ ਲਿਖੇ ਹਨ ਪਰ ਨੌਕਰੀ ਕਿਸੇ ਵੀ ਪਰਿਵਾਰ ਦੇ ਜੀਅ ਨੂੰ ਨਹੀਂ ਨਸੀਬ ਹੋਈ।

ਪਰ ਜਿਹੜਾ ਪਰਿਵਾਰ ਪੜਿਆ ਲਿਖਿਆ ਹੋਵੇ ਤੇ ਸਾਰੇ ਜੀਅ ਨੌਕਰੀ ਕਰਦੇ ਹੋਣ ਉੱਥੇ ਲੜਾਈ ਝਗੜਾ ਇੱਕ ਅਜੀਬ ਜਿਹੀ ਗੱਲ ਲੱਗਦੀ ਹੈ। ਇਸ ਦਾ ਮੁੱਖ ਕਾਰਨ ਹੈ ਗਲਤ ਫਹਿਮੀ ਜਾਂ ਸ਼ੱਕ ਕਿਉਂਕਿ ਸਮੇਂ ਹੀ ਐਸੇ ਹਨ ਕਿ ਜੇਕਰ ਇੱਕ ਔਰਤ ਬਾਹਰ ਕਿਸੇ ਦਫਤਰ ਵਿੱਚ ਨੌਕਰੀ ਕਰਦੀ ਹੈ ਤਾਂ ਸੁਭਾਵਿਕ ਉਸਦਾ ਹੈਡ ਟੀਚਰ ਜਾਂ ਕਹਿ ਲਵੋ ਬੌਸ ਉਸ ਨਾਲ ਕਿਸੇ ਸਮੇਂ ਹੱਸ ਕੇ ਵੀ ਗੱਲ ਕਰ ਲਵੇ ਅਤੇ ਇਸਦੀ ਭਿਣਕ ਉਸ ਦੇ ਘਰ ਵਾਲਿਆਂ ਨੂੰ ਪੈ ਜਾਵੇ ਤਾਂ ਸ਼ੱਕ ਦੀ ਸੂਈ ਘੁੰਮ ਜਾਂਦੀ ਹੈ। ਕਿ ਮੇਰੀ ਪਤਨੀ ਉਸ ਨਾਲ ਮਾੜੀ ਤਾਂ ਨਹੀਂ? ਹਾਲਾਂਕਿ ਇਸ ਵਿੱਚ ਰੱਤੀ ਭਰ ਵੀ ਸੱਚਾਈ ਨਹੀਂ ਹੁੰਦੀ। ਇਸੇ ਤਰ੍ਹਾਂ ਜੇਕਰ ਘਰ ਦੀ ਇੱਕ ਕੁਆਰੀ ਨੌਜਵਾਨ ਲੜਕੀ ਜਾਂ ਲੜਕਾ ਬਾਹਰ ਕਿਤੇ ਸਰਕਾਰੀ ਅਰਧ ਸਰਕਾਰੀ ਜਾਂ ਕਿਸੇ ਕੰਪਨੀ ਵਿੱਚ ਨੌਕਰੀ ਕਰਦੇ ਹਨ ਤਾਂ ਉਹਨਾਂ ਤੇ ਵੀ ਬੇਵਜ੍ਹਾ ਸ਼ੱਕ ਕਰਦਿਆਂ ਜਾਂ ਗਲਤ ਫਹਿਮੀ ਵਸਦੇ ਘਰਾਂ ਵਿੱਚ ਖਟਾਸ ਤੇ ਮਨਾਂ ਵਿੱਚ ਬੇਚੈਨੀ ਵਧਾ ਦਿੰਦੇ ਹਨ। ਜਦੋਂ ਕਿ ਇਹਨਾਂ ਗੱਲਾਂ ਵਿੱਚ ਕੋਈ ਸੱਚਾਈ ਨਹੀਂ ਹੁੰਦੀ ਹੱਸਦੇ ਵੱਸਦੇ ਪਰਿਵਾਰ ਐਸੀਆਂ ਅਲਾਮਤਾਂ ਨਾਲ ਆਮ ਹੀ ਟੁੱਟਦੇ ਵੇਖੇ ਜਾ ਸਕਦੇ ਹਨ। ਕਈ ਵਾਰ ਤਾਂ ਐਸੇ ਹਾਲਾਤਾਂ ਵਿੱਚ ਪਤੀ ਪਤਨੀ ਦੇ ਝਗੜੇ ਸਿਰਫ ਗਲਤ ਫਹਿਮੀ ਜਾਂ ਸ਼ੱਕ ਕਰਕੇ ਤਲਾਕਾਂ ਜਾਂ ਅਦਾਲਤਾਂ ਦੀਆਂ ਗੇੜੀਆਂ ਲਈ ਵੀ ਮਜਬੂਰ ਹੋ ਜਾਂਦੇ ਹਨ ਤੇ ਹੱਸਦੇ ਵੱਸਦੇ ਘਰ ਖੇਰੂੰ ਖੇਰੂੰ ਹੋ ਜਾਂਦੇ ਹਨ। ਇਸੇ ਤਰ੍ਹਾਂ ਮਾਂ ਬਾਪ ਨੂੰ ਜੇਕਰ ਆਪਣੇ ਬੇਟੀ ਬੇਟੇ ਤੇ ਪੂਰਨ ਵਿਸ਼ਵਾਸ ਹੈ ਸ਼ੱਕ ਅਤੇ ਗਲਤ ਫਹਿਮੀ ਦੀ ਜੇਕਰ ਕੋਈ ਗੁਜਾਇਸ਼ ਨਹੀਂ ਹੈ ਤਾਂ ਹੀ ਉਹਨਾਂ ਨੂੰ ਨੌਕਰੀ ਕਰਵਾਓ। ਜੇਕਰ ਮਾਂ ਬਾਪ ਦਾ ਖੁਦ ਦਾ ਸੁਭਾਅ ਸ਼ੱਕੀ ਹੈ ਤਾਂ ਉਹਨਾਂ ਦੇ ਪਰਿਵਾਰਿਕ ਮੈਂਬਰ ਬੇਟਾ ਬੇਟੀ ਕਦੇ ਵੀ ਨੌਕਰੀ ਨਹੀਂ ਕਰ ਸਕਦੇ। ਨੌਕਰੀ ਵਿੱਚ ਕਿਸੇ ਦੇ ਮਤਾਹਿਤ ਰਹਿਣਾ ਹਾਸਾ ਮਜਾਕ ਦਫਤਰੀ ਕੰਮਾਂ ਦਾ ਬੋਝ ਮੀਟਿੰਗਾਂ ਵਗੈਰਾ ਦੇ ਵਿੱਚ ਜਾਣਾ ਖਾਣਾ ਪੀਣਾ ਇਕੱਠਿਆਂ ਖਾਣਾ ਆਦਿ ਨੌਕਰੀ ਦੇ ਅਨਿਖੜਵੇਂ ਅੰਗ ਹਨ। ਕਦੇ ਕਦੇ ਨੌਕਰੀ ਦੌਰਾਨ ਬਾਹਰ ਦੇ ਟੂਰ ਤੇ ਵੀ ਜਾਣਾ ਪੈਂਦਾ ਇਸ ਸਭ ਕਾਸੇ ਦੇ ਮੱਦੇ ਨਜ਼ਰ ਘਰਦਿਆਂ ਨੂੰ ਆਪਣਾ ਮਨ ਕਠੋਰ ਅਤੇ ਆਪਣੀ ਔਲਾਦ ਤੇ ਵਿਸ਼ਵਾਸ ਕਰਨਾ ਹੀ ਪਵੇਗਾ। ਤਾਂ ਹੀ ਕਰ ਆਬਾਦ ਰਹਿ ਸਕਦੇ ਹਨ। ਛੋਟੀ ਛੋਟੀ ਗੱਲ ਤੋਂ ਘਰਾਂ ਵਿੱਚ ਕਲੇਸ਼ ਅਤੇ ਬੱਚਿਆਂ ਨੂੰ ਸ਼ੱਕੀ ਹਾਲਾਤਾਂ ਅਤੇ ਗਲਤ ਫਹਿਮੀ ਕਾਰਨ ਹੀ ਕਈ ਘਰ ਨਰਕ ਭਰੀ ਜਿੰਦਗੀ ਬਤੀਤ ਕਰ ਰਹੇ ਹਨ। ਜੇਕਰ ਕਿਸੇ ਵੀ ਘਰ ਦੇ ਮੈਂਬਰ ਤੋਂ ਜਾਣੇ ਅਣਜਾਣੇ ਵਿੱਚ ਕੋਈ ਕਿਸੇ ਕਿਸਮ ਦੀ ਗਲਤੀ ਵੀ ਹੋ ਜਾਵੇ ਤਾਂ ਮੁਆਫੀ ਮੰਗਣ ਦਾ ਜਜ਼ਬਾ ਵੀ ਹੋਣਾ ਚਾਹੀਦਾ ਹੈ ਤਾਂ ਕਿ ਵੱਧਦੀ ਗੱਲ ਨੂੰ ਠੱਲ ਪਾਈ ਜਾ ਸਕੇ। ਤੇ ਘਰ ਖੇਰੂੰ ਖੇਰੂੰ ਹੋਣ ਤੋਂ ਬਚਾਇਆ ਜਾ ਸਕੇ। ਕਿਸੇ ਕਿਸਮ ਦੀ ਗਲਤੀ ਇਮਾਨਦਾਰੀ ਨਾਲ ਮੰਨ ਲੈਣੀ ਵੀ ਇਨਸਾਨੀਅਤ ਦਾ ਇੱਕ ਬਹੁਤ ਵਧੀਆ ਨਮੂਨਾ ਹੈ ਜਿਸ ਨਾਲ ਦੋਵੇਂ ਪਾਸੇ ਨਿਮਰਤਾ ਆ ਜਾਵੇਗੀ। ਜੇਕਰ ਘਰੇਲੂ ਕੋਈ ਸਮੱਸਿਆ ਆ ਵੀ ਜਾਵੇ ਤਾਂ ਘਰ ਵਿੱਚ ਹੀ ਨਿਪਟਾਉਣਾ ਠੀਕ ਰਹਿੰਦਾ ਹੈ। ਜਦੋਂ ਘਰ ਦੀ ਗੱਲ ਕਿਤੇ ਤੀਜੇ ਬਾਹਰਲੇ ਇਨਸਾਨ ਕੋਲ ਜਾਂਦੀ ਹੈ ਤਾਂ ਇਹ ਵੀ ਸ਼ੱਕ ਤੇ ਗਲਤ ਫਹਿਮੀ ਵਧਣ ਦੇ ਅਸਾਰ ਹੋ ਜਾਂਦੇ ਹਨ। ਇੱਕ ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਵਿਚਾਰ ਸਾਂਝੇ ਕਰਨੇ ਘਰ ਪਰਿਵਾਰ ਵਿੱਚ ਰਲ ਬੈਠ ਕੇ ਗੱਲਾਂ ਕਰਨ ਨਾਲ ਸ਼ੱਕ ਤੇ ਗਲਤ ਫਹਿਮੀ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ ਸਗੋਂ ਘਰ ਸਵਰਗ ਦੇ ਨਮੂਨੇ ਬਣ ਜਾਂਦੇ ਹਨ।

**ਜਸਵੀਰ ਸ਼ਰਮਾ**
**ਦੱਦਾਹੂਰ**
**ਸ਼੍ਰੀ ਮੁਕਤਸਰ ਸਾਹਿਬ**
**95691-49556**

# ਲਾਈਵ ਕਹਾਣੀ ਦਰਬਾਰ



ਕੌਮਾਂਤਰੀ ਪੰਜਾਬੀ ਕਾਫ਼ਲਾ,ਇਟਲੀ ਵੱਲੋਂ ਮਿਤੀ 09/11/25 ਦਿਨ ਐਤਵਾਰ ਨੂੰ ਲਾਈਵ ਕਹਾਣੀ ਦਰਬਾਰ ਪ੍ਰੋਗਰਾਮ "ਹੱਡ ਬੀਤੀਆਂ ਜੱਗ ਬੀਤੀਆਂ" ਨਾਮ ਹੇਠ ਕਰਵਾਇਆ ਗਿਆ। ਇਸ ਕਹਾਣੀ ਦਰਬਾਰ ਵਿੱਚ ਦੁਨੀਆਂ ਭਰ ਤੋਂ ਦਸ ਕਹਾਣੀਕਾਰਾਂ ਨੇ ਹਿੱਸਾ ਲਿਆ।

ਹਰ ਇੱਕ ਕਹਾਣੀਕਾਰ ਨੇ ਆਪਣੀ ਹੱਥ ਲਿਖਤ ਕਹਾਣੀ ਵਿੱਚ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ। ਸਮਾਜ ਵਿੱਚ ਧੀਆਂ ਨਾਲ ਹੁੰਦਾ ਧੱਕਾ, ਔਰਤ ਦੇ ਹੱਕ ਦੀ ਗੱਲ, ਪਰਦੇਸਾਂ ਦੇ ਦੁੱਖ, ਵੰਡ ਦਾ ਦਰਦ, ਗੁਰੂ ਨਗਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਤੜਫ, ਨਸ਼ਿਆਂ ਨਾਲ ਮਰ ਰਹੇ ਨੌਜਵਾਨਾਂ ਦੀ ਹਾਲਤ ਆਦਿ ਖਾਸ ਰਹੇ।

ਪ੍ਰੋਗਰਾਮ "ਹੱਡ ਬੀਤੀਆਂ ਜੱਗ ਬੀਤੀਆਂ" ਦੀ ਸ਼ੁਰੂਆਤ ਕਰਦਿਆਂ ਮੰਚ ਦੇ ਪ੍ਰਧਾਨ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਜੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਨਾਲ ਹੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਬਿੰਦਰ ਜੀ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸਰਬਜੀਤ ਸਿੰਘ ਜਰਮਨੀ ਨੂੰ ਸੌਂਪਦਿਆਂ ਆਖਿਆ ਕਿ ਉਹ ਆਪਣੀ ਪ੍ਰੋਗਰਾਮ ਲਈ ਬਣਾਈ ਰੂਪ ਰੇਖਾ ਅਨੁਸਾਰ ਕਹਾਣੀ ਦਰਬਾਰ ਨੂੰ ਅੱਗੇ ਵਧਾਉਣ।

ਸਰਬਜੀਤ ਸਿੰਘ ਨੇ ਵੀ ਜਗਤ ਬਾਬੇ ਧੰਨ ਧੰਨ ਗੁਰੂ ਨਾਨਕ ਦੇਵ ਜੀ ਮਹਾਰ-ਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਮੁਬਾਰਕਾਂ ਦਿੱਤੀਆਂ ਤੇ ਫੇਰ ਸਭ ਤੋਂ ਪਹਿਲਾ ਸੱਦਾ ਦੀਪ ਅਮਨ ਜੱਖੀ, ਗਰੀਸ ਨੂੰ ਦਿੰਦੇ ਹੋਏ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਦੀਪ ਅਮਨ ਜੱਖੂ ਨੇ ਹਮੇਸ਼ਾ ਦੀ ਤਰ੍ਹਾਂ ਹੂੰ-ਬ-ਹੂੰ ਪਾਤਰ, ਸਥਾਨ ਤੇ ਬਿੰਬ ਵਾਲੇ ਵਾਰਤਾਲਾਪ ਨਾਲ ਕਹਾਣੀ "ਬਬਾਣ" ਸੁਣਾਈ ਤੇ ਬਹੁਤ ਹੀ ਵਧੀਆ ਸ਼ੁਭ ਅਰੰਭ ਕਰਕੇ ਸਭ ਦਾ ਮਨ ਮੋਹ ਲਿਆ।

ਸਰਬਜੀਤ ਨੇ ਗ੍ਰੀਸ ਤੋਂ ਪੰਜਾਬ ਨੂੰ ਉਡਾਰੀ ਮਾਰੀ ਤੇ ਅਗਲਾ ਸੱਦਾ ਸਰਦੂਲ ਸਿੰਘ ਭੱਲਾ, ਪਟਿਆਲਾ ਜੀ ਨੂੰ ਦਿੱਤਾ ਗਿਆ। ਉਹਨਾਂ ਨੇ ਪੰਜਾਬ ਵਿੱਚ ਵੱਧ ਚੁੱਕੇ ਨਸ਼ਿਆਂ ਉੱਤੇ ਦੁੱਖ ਪ੍ਰਗਟਾਉਂਦਿਆਂ ਕਹਾਣੀ "ਕਬਾੜ" ਸੁਣਾਈ ਜਿਸ ਨੇ ਮੰਚ ਤੇ ਸਾਰੇ ਕਹਾਣੀਕਾਰਾਂ ਨੂੰ ਪੰਜਾਬ ਦੀ ਜਵਾਨੀ ਬਚਾਉਣ ਲਈ ਸੋਚਣ ਲਈ ਮਜ਼ਬੂਰ ਕਰ ਦਿੱਤਾ।

ਸਰਬਜੀਤ ਨੇ ਅਗਲੇ ਕਹਾਣੀਕਾਰ ਨੂੰ ਸੱਦਾ ਦੇਣ ਲਈ ਪੰਜਾਬ ਤੋਂ ਲੰਬੀ ਉਡਾਣ ਭਰੀ ਤੇ ਭੈਣ ਪੋਲੀ ਬਰਾੜ ਜੀ ਕੋਲ ਅਮਰੀਕਾ ਜਾ ਪਹੁੰਚੀ। ਭੈਣ ਪੋਲੀ ਬਰਾੜ ਜੀ ਨੇ ਆਪਣੀ ਹੱਡ ਬੀਤੀ "ਬੀਬੀ ਰਜਨੀ,ਮੇਰੇ ਬੀਜੀ" ਕਹਾਣੀ ਵਿੱਚ ਇੱਕ ਸੂਝਵਾਨ ਔਰਤ ਦੇ ਸਬਰ ਸੰਤੋਖ ਦੀ ਗੱਲ ਕੀਤੀ।

ਮੁੜ ਯੂਰਪ ਪਰਤ ਕੇ ਸਰਬਜੀਤ ਨੇ ਅਗਲਾ ਸੱਦਾ ਕਰਮਜੀਤ ਕੌਰ ਰਾਣਾ, ਇਟਲੀ ਜੀ ਨੂੰ ਦਿੱਤਾ ਤੇ ਉਹਨਾਂ ਨੇ ਕਹਾਣੀ "ਵਫ਼ਾਦਾਰੀ" ਵਿੱਚ ਵਫ਼ਾਦਾਰੀ ਦਾ ਬਹੁਤ ਵੱਡਾ ਸ਼ੰਦੇਸ ਦਿੱਤਾ। ਕਹਾਣੀ ਦਰਬਾਰ ਨੂੰ ਅੱਗੇ ਵਧਾਉਂਦਿਆਂ ਸਰਬਜੀਤ ਨੇ ਅਗਲਾ ਸੱਦਾ ਮਾਂ ਬੋਲੀ ਪੰਜਾਬੀ ਦੇ ਸਰਵਣ ਪੁੱਤ ਗੁਰਮੀਤ ਸਿੰਘ ਮੱਲ੍ਹੀ, ਇਟਲੀ ਜੀ ਨੂੰ ਦਿੱਤਾ। ਮੱਲ੍ਹੀ ਜੀ ਨੇ ਆਪਣੇ ਵਤਨਾਂ ਤੋਂ ਦੂਰ ਬੈਠੇ ਪ੍ਰਦੇਸੀਆਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਆਪਣੀ ਕਹਾਣੀ "ਪ੍ਰਦੇਸੀ ਦਾ ਦਰਦ" ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਅਗਲਾ ਸੱਦਾ ਡਾ.ਅੰਮ੍ਰਿਤਪਾਲ ਕੌਰ ਸੰਧੂ, ਫਿਰੋਜ਼ਪੁਰ ਜੀ ਨੂੰ ਦਿੱਤਾ ਗਿਆ। ਉਹਨਾਂ ਨੇ ਆਪਣੀ ਕਹਾਣੀ "ਦਾਇਰੇ ਤੋਂ ਪਾਰ" ਵਿੱਚ ਜਨਮ ਤੋਂ ਲੈ ਕੇ ਵਿਆਹ , ਵਿਆਹ ਤੋਂ ਮਾਂ ਦੇ ਹੱਕਾਂ ਖਾਤਰ ਲੜਾਈ ਲੜਨ ਵਾਲੀ ਇੱਕ ਦੁੱਖੀ ਔਰਤ ਦੇ ਜੀਵਨ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਬਹੁਤ ਭਾਵੁਕਤਾ ਨਾਲ ਪੇਸ਼ ਕੀਤਾ।

ਸਰਬਜੀਤ ਸਿੰਘ ਨੇ ਫਿਰ ਹਾਸਿਆਂ ਦੀ ਪਟਾਰੀ ਨਾਲ ਸੰਬੋਧਨ ਕਰਦਿਆਂ ਜਸਵਿੰਦਰ ਕੌਰ ਮਿੰਟੂ, ਇਟਲੀ ਜੀ ਨੂੰ ਸੱਦਾ ਦਿੱਤਾ। ਮਿੰਟੂ ਜੀ ਨੇ ਹਮੇਸ਼ਾ ਦੀ ਤਰ੍ਹਾਂ ਬਹੁਤ ਪਿਆਰੇ ਜਿਹੇ ਲਹਿਜੇ ਵਿੱਚ ਕਹਾਣੀ "ਸਕੂਨ" ਨਾਲ ਸਭਨਾਂ ਦਾ ਮਨ ਮੋਹ ਲਿਆ। ਲਾਈਵ ਕਹਾਣੀ ਦਰਬਾਰ ਵਿੱਚ ਸਰੋਤਿਆ ਦੀਆਂ ਹੌਸਲਾ ਵਧਾਉ ਟਿੱਪਣੀਆਂ ਪੜ੍ਹ ਕੇ ਮੰਚ ਤੇ ਸਰੋਤਿਆਂ ਦੀ ਹਾਜ਼ਰੀ ਵੀ ਲਗਵਾਈ ਗਈ।

ਸਰਬਜੀਤ ਵੱਲੋਂ ਅਗਲਾ ਸੱਦਾ ਮੰਚ ਪ੍ਰਧਾਨ ਬਿੰਦਰ ਕੋਲੀਆਂ ਵਾਲ ਜੀ ਨੂੰ ਦਿੱਤਾ ਗਿਆ। ਬਿੰਦਰ ਜੀ ਨੇ ਆਪਣੀ ਕਹਾਣੀ "ਇੱਕ ਵਾਰ ਫਿਰ ਦੂਰ ਹੋਏ" ਕਹਾਣੀ ਸੁਣਾ ਕੇ ਮੰਚ ਤੇ ਸ਼ਾਮਲ ਸਾਰੇ ਕਹਾਣੀਕਾਰਾਂ ਨੂੰ ਬਾਬੇ ਨਾਨਕ ਦੀ ਜਨਮ ਭੂਮੀ ਦੇ ਦਰਸ਼ਨ ਕਰਵਾ ਦਿੱਤੇ ਜਦੋਂ ਕਿ ਕਹਾਣੀ ਦਾ ਮੁੱਖ ਪਾਤਰ ਬਜ਼ੁਰਗ ਬਾਬਾ ਰਾਜਨੀਤਕ ਸਮੱਸਿਆਵਾਂ ਕਰਕੇ ਦਰਸ਼ਨ ਨਹੀਂ ਕਰ ਸਕਿਆ।

ਮੰਚ ਵਿੱਚ ਸ਼ਾਮਲ ਸਾਰੇ ਕਹਾਣੀਕਾਰਾਂ ਵੱਲੋਂ ਕਹਾਣੀ ਸੁਣਾਏ ਜਾਣ ਤੋਂ ਬਾਅਦ ਸਰਬਜੀਤ ਨੇ ਆਪਣੀ ਕਹਾਣੀ "ਮਿੰਦੋ ਸੁਆਣੀ" ਸੁਣਾਈ ਜਿਸ ਵਿੱਚ ਉਸ ਨੇ ਆਪਣੀ ਜਨਮ ਭੂਮੀ ਤੋਂ ਦੂਰ ਰਹਿਣ ਤੇ ਕਰਮ ਭੂਮੀ ਦੇ ਦਰਦ ਨੂੰ ਬਿਆਨ ਕੀਤਾ।

ਲਾਈਵ ਕਹਾਣੀ ਦਰਬਾਰ ਦਾ ਅਨੰਦ ਮਾਣਨ ਲਈ ਪ੍ਰਿੰਸੀਪਲ ਲਖਬੀਰ ਸਿੰਘ, ਸੈਦਪੁਰ ਜੀ ਸ਼ੁਰੂ ਤੋਂ ਅਖੀਰ ਤੱਕ ਹਾਜ਼ਰ ਰਹੇ ਤੇ ਮੰਚ ਤੋਂ ਪ੍ਰੇਰਿਤ ਹੋ ਕੇ ਅਗਲੀ ਵਾਰ ਆਪਣੀ ਲਿਖੀ ਕਹਾਣੀ ਸੁਣਾਉਣ ਦਾ ਵਾਅਦਾ ਕਰ ਗਏ।

ਪ੍ਰੋਗਰਾਮ ਆਪਣੇ ਅਖੀਰਲੇ ਪੜਾਅ ਤੱਕ ਪਹੁੰਚ ਚੁੱਕਾ ਸੀ। ਅਖੀਰ ਵਿੱਚ ਗੁਰਮੀਤ ਸਿੰਘ ਮੱਲ੍ਹੀ ਜੀ ਵੱਲੋਂ ਕਹਾਣੀ ਦਰਬਾਰ ਵਿੱਚ ਸ਼ਾਮਲ ਹੋਏ ਸਾਰੇ ਕਹਾਣੀਕਾਰਾਂ, ਕਹਾਣੀਕਾਰਵਾਂ ਦਾ ਬਹੁਤ ਪਿਆਰ ਸਤਿਕਾਰ ਸਹਿਤ ਧੰਨਵਾਦ ਕੀਤਾ ਗਿਆ। ਉਹਨਾਂ ਨੇ ਉਚੇਚੇ ਤੌਰ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਅਜਿਹੇ ਪ੍ਰੋਗਰਾਮ ਕਰਵਾਏ ਜਾਣੇ ਚਾਹੀਦੇ ਹਨ। ਜੇਕਰ ਤੁਸੀਂ ਵੀ ਇਸ ਕਹਾਣੀ ਦਰਬਾਰ ਨੂੰ ਸੁਣਨਾ ਚਾਹੁੰਦੇ ਹੋ ਤਾਂ ਬਿੰਦਰ ਕੋਲੀਆਂ ਵਾਲ ਯੂ ਟਿਊਬ ਚੈਨਲ ਤੇ ਜਾ ਕੇ ਅਤੇ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਫੇਸਬੁੱਕ ਪੇਜ ਤੇ ਸੁਣ ਸਕਦੇ ਹੋ ਜੀ।

ਸਰਬਜੀਤ ਸਿੰਘ ਜਰਮਨੀ
Tirthsingh3@yahoo.com

# ਵਿਦਵਾਨ,ਕਾਂ ਤੇ ਹੰਸ

ਬਥੇਰੇ ਵੇਰੀਂ ਵਿਦਵਾਨ ਹੁੰਦੇ ਨਹੀਂ ਪਰ ਪ੍ਰਭਾਵ ਬਣ ਜਾਂਦਾ ਹੈ ਕਿ ਵੱਡੇ ਵਿਦਵਾਨ ਨੇ,ਸਾਹਿਤ ਦੀ ਬੜੀ ਸੇਵਾ ਕਰ ਰਹੇ ਨੇ।ਏਸੇ ਪ੍ਰਭਾਵ ਦੀ ਉਹ ਖੱਟੀ ਤਾਉਮਰ ਖਾਂਦੇ ਨੇ।ਰਾਜਨੀਤੀ, ਸਿਖਿਆ, ਪ੍ਰਸ਼ਾਸਨ, ਵਕਾਲਤ,ਵੱਖ ਵੱਖ ਮਹਿਕਮਿਆਂ , ਸਭਿਆਚਾਰਕ ਕਾਮਿਆਂ, ਸਾਹਿਤਕਾਰਾਂ ਅੰਦਰ ਇਹ ਰੁਝਾਨ ਵੇਖੇ ਜਾ ਸਕਦੇ ਨੇ।ਇਹੋ ਜਿਹਿਆਂ ਕੋਲ ਕਲਾ ਹੁੰਦੀ ਹੈ ਜੀਹਨੂੰ ਉਹ ਆਪਣੇ ਹੱਕ ਵਿਚ ਭੁਗਤਾ ਕੇ ਵੱਡੇ ਫਾਇਦੇ ਲੈਂਦੇ ਨੇ।

ਇਕ ਮੇਰੇ ਗੁਰੂ ਵੀ ਏਦਾਂ ਦੇ ਹੋਏ ਨੇ।ਉਹ ਚੰਗਾ ਸੰਗਠਨਕਰਤਾ ਤਾਂ ਸੀ ਪਰ ਸਿਰੇ ਦਾ ਜੁਗਾੜੂ ਤੇ ਤੇਜ਼ ਤਰਾਰ। ਉਸ ਨੇ ਆਪਣੀ ਇਸ ਕਲਾ ਨਾਲ ਸਾਹਿਤਕ ਹਲਕਿਆਂ ਅੰਦਰ ਵਾਹਵਾ ਭੱਲ ਬਣਾ ਰੱਖੀ ਸੀ।ਬਹੁਤਿਆਂ ਨੂੰ ਤਾਂ ਇਹ ਪ੍ਰਭਾਵ ਸੀ ਕਿ ਪੰਜਾਬੀ,ਪੰਜਾਬੀ ਸਭਿਆਚਾਰ ਤੇ ਸਾਹਿਤ ਦਾ ਰਾਖਾ ਇਕੋ ਇਕ ਏਹੀ ਸਖ਼ਸ਼ੀਅਤ ਏ।..ਇਕ ਵੇਰਾਂ ਮੈਂ ਆਪਣੇ ਮਿੱਤਰ ਨਾਲ ਗੱਲ ਸਾਂਝਾ ਕਰਦਿਆਂ ਕਿਹਾ ਕਿ ਉਹ ਪੰਜਾਬੀ ਸਾਹਿਤ ਦਾ ਰਾਖਾ ਨਹੀਂ ਬਲਕਿ ਖੁਦ ਦਾ ਹਿਤ-ਸਾਧਕ ਹੈ।ਵੱਡੇ ਵੱਡੇ ਸਾਹਿਤਕ ਪ੍ਰੋਗਰਾਮ ਕਰਾਉਣ ਪਿੱਛੇ ਖੁਦ ਦੀ ਸ਼ਖਸ਼ੀਅਤ ਨੂੰ ਉਸਾਰਨਾ ਔਰ ਵੱਡੇ ਫਾਇਦੇ ਲੈਣ ਦਾ ਉਹਦਾ ਬੜਾ ਸੂਖਮ ਤਰੀਕਾ ਹੈ।ਸਾਹਿਤ ਨੂੰ ਉਹ ਵਰਤ ਰਿਹਾ ਹੈ।ਉਹਦੀ ਨਿੱਜੀ ਜ਼ਿੰਦਗੀ ਤੇ ਸਾਹਿਤਕ ਪ੍ਰੋਗਰਾਮ ਕਰਾਉਣ ਪ੍ਰਤੀ ਪ੍ਰਤਿਬੱਧਤਾ ਵਿਚਕ-ਾਰ ਵੱਡਾ ਫਰਕ ਹੈ।ਜੋ ਉਹ ਸਟੇਜ ਤੇ ਬੋਲਦਾ ਹੈ,ਨਿੱਜੀ ਜ਼ਿੰਦਗੀ ਵਿਚ ਉਹ ਨਹੀਂ ਹੈ।ਮੈਂ ਉਹਨੂੰ ਇਕ ਕਹਾਣੀ ਸੁਣਾਈ--'ਇਕ ਕਾਂ ਪਿੰਡ ਦੀ ਫਿਰਨੀ ਤੇ ਲੱਗੇ ਬਿਰਖ ਤੇ ਰਹਿੰਦਾ ਸੀ।ਜਦੋਂ ਵੀ ਕੋਈ ਬਾਹਰਲਾ ਬੰਦਾ ਪਿੰਡ ਆਉਂਦਾ ਦਿਸਦਾ ਤਾਂ ਉਹ ਕਾਂ-ਕਾਂ ਦਾ ਸ਼ੋਰ ਪਾਉਣ ਲੱਗਦਾ।ਪਿੰਡ ਆਲਿਆਂ 'ਚ ਇਹ ਭੱਲ ਬਣੀ ਹੋਈ ਸੀ ਕਿ ਇਹ ਹੈ ਇਕੋ ਇਕ ਪਿੰਡ ਦਾ ਰਾਖਾ।ਉਹਦੀਆਂ ਦੂਜੇ ਪੰਛੀਆਂ ਨਾਲ ਕੀਤੀਆਂ ਚਲਾਕੀਆਂ ਅਣਡਿੱਠ ਹੁੰਦੀਆਂ ਰਹੀਆਂ।ਦੂਜਿਆਂ ਦੇ ਆਲਣਿਆਂ 'ਚ ਆਂਡੇ ਚੁੱਕ ਲੈਂਦਾ,ਪਿੰਡ ਆਲਿਆਂ ਨੂੰ ਕੋਈ ਪ੍ਰਵਾਹ ਨਹੀਂ ਸੀ।...ਇਕ ਵੇਰੀਂ ਹੰਸ ਤੇ ਹੰਸਣੀ ਰਾਤ ਪਈ ਤੋਂ ਓਸ ਬਿਰਖ਼ ਤੇ ਆਏ।ਹੰਸ ਨੇ ਕਾਂ ਨੂੰ ਬੇਨਤੀ ਕੀਤੀ,

"ਮੈਂ ਏਥੇ ਰਾਤ ਕੱਟ ਲਵਾਂ?"

"ਹਾਂ-ਹਾਂ ਕਿਉਂ ਨਹੀਂ!"ਕਾਂ ਨੇ ਬੜਾ ਮਿੱਠਾ ਬੋਲ ਕੇ ਸੁਆਗਤ ਕੀਤਾ।

ਰਾਤ ਕੱਟ ਕੇ ਜਦੋਂ ਹੰਸ ਨੇ ਜਾਣ ਦੀ ਇਜ਼ਾਜਤ ਮੰਗੀ ਤੇ ਹੰਸਣੀ ਵੀ ਉੱਡਣ ਲੱਗੀ ਤਾਂ ਕਾਂ ਨੇ ਉਹਦੀ ਬਾਂਹ ਫੜ੍ਹ ਲਈ, "ਓ ਭਾਈ ਤੂੰ ਕਿੱਥੇ ਚੱਲੀਂ ਏਂ?"

ਹੰਸ ਝੁੰਜਲਾ ਕੇ ਕਹਿੰਦਾ," ਓ ਵੀਰ,ਆਹ ਮੇਰੀ ਘਰਆਲੀ ਐ,ਇਹਨੇ ਮੇਰੇ ਨਾਲ ਹੀ ਜਾਣੈ!..ਤੂੰ ਇਹਦੀ ਬਾਂਹ ਕਿਉਂ ਫੜ੍ਹ'ਲੀ?"

" ਤੂੰ ਚੰਗਾ ਬੰਦੈ,ਰਾਤ ਤੂੰ ਏਥੇ ਕਾਅਦੀ ਕੱਟੀ,ਤੂੰ ਤਾਂ ਮੇਰੀ ਘਰਆਲੀ ਤੇ ਕਬਜਾ ਕਰਨ ਨੂੰ ਫਿਰਦੈਂ।"ਕਾਂ ਨੇ ਝੂਠਾ ਜਿਹਾ ਚਿਹਰੇ ਤੇ ਗੁੱਸਾ ਲਿਆਂਦਿਆਂ ਕਿਹਾ।

ਹੰਸ ਨੇ ਬੜੀਆਂ ਦਲੀਲਾਂ ਦਿੱਤੀਆਂ,ਪਰ ਕੋਈ ਅਸਰ ਨਹੀਂ।ਹੰਸ ਜਦੌਂ ਜ਼ਿਆਦਾ ਈ ਝਗੜਾ ਕਰਨ ਲੱਗ ਪਿਆ ਤਾਂ ਕਾਂ ਉਹਨੂੰ ਕਹਿੰਦਾ,"ਐਂ ਕਰਦੇ ਆਂ, ਪਿੰਡ ਦੀ ਪੰਚਾਇਤ ਤੋਂ ਪੁੱਛ ਲੈਂਦੇ ਹਾਂ।ਅਗਰ ਪੰਚਾਇਤ ਕਹਿ ਦਿੰਦੀ ਐ ਕਿ ਇਹ ਮੇਰੀ ਘਰਆਲੀ ਨਹੀਂ ਤਾਂ ਤੂੰ ਲਿਜਾ ਸਕਦੈਂ।" ਚਲੋ ਜੀ ਪਿੰਡ ਦੀ ਪੰਚਾਇਤ ਸੱਦੀ ਗਈ।ਜਦੋਂ ਪਿੰਡ ਦੀ ਪੰਚਾਇਤ ਅੱਗੇ ਇਹ ਮਸਲਾ ਆਇਆ ਤਾਂ ਪਿੰਡ ਦੀ ਪੰਚਾਇਤ ਸਿਰ ਜੋੜ ਕੇ ਆਪਸ 'ਚ ਵਿਚਾਰ ਕਰਨ ਲੱਗੀ। ਸਰਪੰਚ ਨੇ ਪੰਚਾਂ ਨੂੰ ਸਮਝਾਇਆ ਕਿ ,"ਆਪਾਂ ਹੰਸ ਤੋਂ ਕੀ ਲੈਣੇ?..ਕਾਂ ਤਾਂ ਪਿੰਡ ਦਾ ਰਾਖੈ,ਆਪਾਂ ਇਹਦੇ ਹੱਕ ਦੀ ਗੱਲ ਕਰਨੀ ਐ।"..ਅਖੀਰ ਸਰਪੰਚ ਨੇ ਫੈਸਲਾ ਸੁਣਾਉਂਦਿਆਂ ਹੰਸ ਨੂੰ ਆਖਿਆ,"ਓ ਭਾਈ! ਇਹ ਕਾਂ ਤੇ ਇਹਦੀ ਘਰਆਲੀ ਨੂੰ ਤਾਂ ਅਸੀਂ ਬਹੁਤ ਚਿਰ ਤੋਂ ਕੱਠਿਆਂ ਵੇਖ ਰਹੇ ਹਾਂ।ਤੇਰੇ ਆਸਤੇ ਇਹ ਚੰਗੀ ਗੱਲ ਨਹੀਂ ਕਿ ਤੂੰ ਰਾਤ ਇਹਦੇ ਘਰ ਕੱਟੀ ਤੇ ਇਹਦੀ ਘਰ ਆਲੀ ਤੇ ਕਬਜਾ ਕਰ ਬੈਠਾ।"...ਫੈਸਲਾ ਸੁਣ ਕੇ ਹੰਸ ਜਦੌਂ ਨਿਰਾਸ਼ ਹੋ ਕੇ ਥੋੜੀ ਹੀ ਦੂਰ ਗਿਆ ਤਾਂ ਕਾਂ ਹੰਸਣੀ ਨੂੰ ਨਾਲ ਲੈ ਕੇ ਉਹਦੇ ਕੋਲ ਪਹੁੰਚਦਿਆਂ ਕਿਹਾ ,"ਆਹ ਲੈ ਜਾ ਭਾਈ ਆਪਣੀ ਘਰਆਲੀ,ਮੈਂ ਤਾਂ ਬਸ ਪੰਚੈਤ ਪਰਖਣੀ ਸੀ ਕਿ ਉਹ ਮੇਰੇ ਨਾਲ ਹੈ ਜਾਂ ਨਹੀਂ!" ਸੋ ਮੈਂ ਆਪਣੇ ਮਿੱਤਰ ਨੂੰ ਕਿਹਾ ਕਿ ਬਥੇਰੇ ਜੁਗਾੜੂ ਬੰਦੇ ਹੁੰਦੇ ਨੇ ਜਿਹੜੇ ਆਪਣੀ ਭੱਲ ਬਣਾਉਣ ਲਈ ਦੂਜਿਆਂ ਦੀਆਂ ਅੱਖਾਂ 'ਚ ਘੱਟਾ ਪਾਈ ਰੱਖਦੇ ਨੇ।ਉਹ ਉਹ ਨਹੀਂ ਹੁੰਦੇ ਜੋ ਉਹ ਦਿਸਦੇ ਨੇ,ਅੰਦਰੋਂ ਕੁਝ ਹੋਰ ਹੁੰਦੇ ਨੇ।ਸੋ ਭਾਈ ਇਹ ਨਾ ਤਾਂ ਵਿਦਵਾਨ ਹੈ ਨਾ ਪੰਜਾਬੀ ਤੇ ਪੰਜਾਬੀਅਤ ਦਾ ਰਾਖਾ ਬਲਕਿ ਆਪਣਾ ਹਿੱਤ ਸਾਧਣ ਵਾਲੈ ਕਿ ਕੋਈ ਵੱਡੀ ਕੁਰਸੀ ਮਿਲ'ਜੇ,ਕੋਈ ਯੂਨੀਵਰਸਿਟੀ ਦੀ ਵਾਈਸ ਚਾਂਸਰੀ ਮਿਲ'ਜੇ,ਕੋਈ ਵੱਡੀ ਚੇਅਰ ਦੀ ਚਿਅਰਮੈਨਸ਼ਿਪ ਜਾਂ ਕੋਈ ਵੱਡਾ ਇਨਾਮ। ...ਮੈਂ ਆਪਣੇ ਮਿੱਤਰ ਨੂੰ ਇਕ ਮਹਿਲਾ ਟੀਚਰ ਦੀ ਗੱਲ ਸੁਣਾਈ ਜਿਸਨੂੰ ਰਾਸ਼ਟਰਪਤੀ ਅਵਾਰਡ ਮਿਲਿਆ ਪਰ ਸਿਰੇ ਦੀ ਜੁਗਾੜੂ ਤੇ ਜੁਗਾੜੂ ਢੰਗ ਨਾਲ ਕਾਰਗੁਜ਼ਾਰੀਆਂ ਦੀ ਕਿਵੇਂ ਉਹਨੇ ਮੋਟੀ ਫਾਈਲ ਬਣਾ ਕੇ ਰਾਸ਼ਰਪਤੀ ਅਵਾਰਡੀ ਦੇ ਸਿਰ ਤੇ ਦੋ ਸਾਲ ਵਾਧੂ ਪੜ੍ਹਾਉਣ ਦੇ ਮਿਲੇ। ਮਿੱਤਰੋ! ਜੁਗਾੜੂ ਕਾਂ ਤੁਹਾਨੂੰ ਆਸ ਪਾਸ ਬਥੇਰੇ ਮਿਲ ਜਾਣਗੇ,ਬਸ ਜ਼ਰਾ ਐਨਾ ਕੁ ਕੰਮ ਕਰਿਉ ਕਿ ਅੱਖਾਂ ਖੋਲ੍ਹ ਕੇ ਰੱਖਿਉ।



ਅਮਰਜੀਤ ਅਰਪਨ

# ਗੁੱਲੂ ਦੀ ਬਹਾਦੁਰੀ

**ਨਦੀ ਪਾਰ ਕਰਨਾ :-** ਵੀਹ ਸਾਲ ਪਹਿਲਾਂ ਦੀ ਇੱਕ ਘਟਨਾ ਹੈ, ਜਦੋਂ ਮੈਂ ਆਪਣੀ ਵੱਡੀ ਭੈਣ ਨੂੰ ਮਿਲਣ ਗਿਆ ਸੀ। ਉਸਦੇ ਪਿੰਡ ਚੱਕ ਨਰੈਣੀ ਅਤੇ ਸਾਡੇ ਪਿੰਡ ਸਿੰਬਲੀ ਗੁਜਰਾ ਦੇ ਵਿਚਕਾਰ ਇੱਕ ਨਦੀ ਸੀ। ਉਸ ਸਮੇਂ ਨਦੀ 'ਤੇ ਕੋਈ ਪੁਲ ਨਹੀਂ ਸੀ, ਇਸ ਲਈ ਲੋਕ ਕਿਸ਼ਤੀਆਂ ਰਾਹੀਂ ਨਦੀ ਪਾਰ ਕਰਦੇ ਸਨ। ਨਦੀ ਵਿੱਚ ਪਾਣੀ ਦਾ ਪੱਧਰ ਮੌਸਮ ਦੇ ਅਨੁਸਾਰ ਬਦਲਦਾ ਰਹਿੰਦਾ ਸੀ, ਅਤੇ ਕਈ ਵਾਰ ਪਾਣੀ ਦਾ ਪੱਧਰ ਇੰਨਾ ਘੱਟ ਜਾਂਦਾ ਸੀ ਕਿ ਲੋਕ ਬਿਨਾਂ ਕਿਸ਼ਤੀ ਦੇ ਨਦੀ ਪਾਰ ਕਰ ਜਾਂਦੇ ਸਨ।

**ਕਿਸ਼ਤੀ ਦੀ ਉਡੀਕ :-** ਜਦੋਂ ਮੈਂ ਆਪਣੀ ਭੈਣ ਦੇ ਘਰ ਤੋਂ ਵਾਪਸ ਆ ਰਿਹਾ ਸੀ, ਤਾਂ ਨਦੀ ਵਿੱਚ ਬਹੁਤ ਸਾਰਾ ਪਾਣੀ ਸੀ। ਮੈਂ ਨਦੀ ਦੇ ਕੰਢੇ ਪਹੁੰਚਿਆ ਅਤੇ ਕਿਸ਼ਤੀ ਦੀ ਉਡੀਕ ਕਰਨ ਲੱਗਾ। ਕਿਸ਼ਤੀ ਦੂਜੇ ਪਾਸੇ ਸੀ ਅਤੇ ਕਿਸ਼ਤੀ ਵਾਲਾ ਯਾਤਰੀਆਂ ਨੂੰ ਲਿਆਉਣ ਵਾਲਾ ਸੀ। ਅਸੀਂ ਪੰਜ ਜਣੇ ਕਿਸ਼ਤੀ ਦੀ ਉਡੀਕ ਕਰ ਰਹੇ ਸੀ। ਇਸੇ ਦੌਰਾਨ ਇੱਕ ਵਿਅਕਤੀ ਆਇਆ ਅਤੇ ਸਾਡੇ ਨਾਲ ਖੜ੍ਹਾ ਹੋ ਗਿਆ, ਜਿਸਦਾ ਇੱਕ ਹੱਥ ਨਹੀਂ ਸੀ। ਉਸਦਾ ਨਾਮ ਗੁੱਲੂ ਸੀ। ਗੁੱਲੂ ਨੇ ਕਿਹਾ, "ਆਓ, ਅਸੀਂ ਬਿਨਾਂ ਕਿਸ਼ਤੀ ਹੀ ਨਦੀ ਪਾਰ ਕਰੀਏ।" ਲੋਕਾਂ ਨੇ ਉਸਦਾ ਮਜ਼ਾਕ ਉਡਾਇਆ, ਕਿ ਅਸੀਂ ਦੋ ਦੋ ਹੱਥਾਂ ਨਾਲ ਤੈਰ ਕੇ ਵੀ ਨਦੀ ਪਾਰ ਨਹੀਂ ਕਰ ਸਕਦੇ ਤੇ ਇਹ ਇੱਕੋ ਹੱਥ ਨਾਲ ਕਿਵੇਂ ਨਦੀ ਪਾਰ ਕਰੇਗਾ। ਓਹ ਸਾਡੇ ਮਜਾਕ ਤੇ ਸ਼ਾਂਤ ਰਿਹਾ ਅਤੇ ਕਿਸ਼ਤੀ ਦੀ ਉਡੀਕ ਕਰਨ ਲੱਗਾ।

**ਕਿਸ਼ਤੀ ਵਿੱਚ ਖ਼ਤਰਾ :-** ਕਿਸ਼ਤੀ ਆਈ ਅਤੇ ਅਸੀਂ ਸਾਰੇ ਉਸ ਵਿੱਚ ਬੈਠ ਗਏ। ਮਲਾਹ ਨੇ ਕਿਸ਼ਤੀ ਚਲਾਉਣੀ ਸ਼ੁਰੂ ਕਰ ਦਿੱਤੀ, ਪਰ ਨਦੀ ਦੇ ਵਿਚਕਾਰ ਕਿਸ਼ਤੀ ਇੱਕ ਪਾਸੇ ਮੁੜ ਗਈ ਅਤੇ ਇੱਕ ਆਦਮੀ ਨਦੀ ਵਿੱਚ ਡਿੱਗ ਪਿਆ। ਮਲਾਹ ਨੇ ਉਸਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਨਦੀ ਵਿੱਚ ਡਿੱਗ ਪਿਆ। ਹੁਣ ਅਸੀਂ ਕਿਸ਼ਤੀ ਵਿੱਚ ਪੰਜ ਜਣੇ ਸੀ ਅਤੇ ਕਿਸ਼ਤੀ ਕਾਬੂ ਤੋਂ ਬਾਹਰ ਸੀ। ਨਦੀ ਦਾ ਪਾਣੀ ਤੇਜ਼ ਵਹਿ ਰਿਹਾ ਸੀ ਅਤੇ ਕਿਸ਼ਤੀ ਨੂੰ ਸੰਭਾਲਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ।

**ਗੁੱਲੂ ਦੀ ਬਹਾਦਰੀ :-** ਗੁੱਲੂ ਨੇ ਰੱਸੀ ਦਾ ਇੱਕ ਸਿਰਾ ਕਿਸ਼ਤੀ ਨਾਲ ਬੰਨ੍ਹਿਆ ਅਤੇ ਦੂਜਾ ਸਿਰਾ ਆਪਣੀ ਕਮਰ ਨਾਲ ਬੰਨ੍ਹ ਕੇ ਪਾਣੀ ਵਿੱਚ ਛਾਲ ਮਾਰ ਦਿੱਤੀ। ਉਸਨੇ ਇੱਕ ਹੱਥ ਨਾਲ ਤੈਰ ਕੇ ਕਿਸ਼ਤੀ ਨੂੰ ਕਿਨਾਰੇ ਵੱਲ ਖਿੱਚਣਾ ਸ਼ੁਰੂ ਕਰ ਦਿੱਤਾ। ਅਸੀਂ ਸਾਰੇ ਉਸਦੀ ਬਹਾਦਰੀ ਤੋਂ ਹੈਰਾਨ ਹੋਏ ਅਤੇ ਉਸਦਾ ਧੰਨਵਾਦ ਕੀਤਾ। ਗੁੱਲੂ ਦੀ ਇਸ ਬਹਾਦਰੀ ਨੇ ਸਾਨੂੰ ਦਿਖਾਇਆ ਕਿ ਸੱਚੀ ਤਾਕਤ ਅੰਦਰੋਂ ਆਉਂਦੀ ਹੈ, ਬਾਹਰੀ ਚੀਜ਼ਾਂ ਤੋਂ ਨਹੀਂ।

**ਸਿੱਖਿਆ :-** ਇਸ ਘਟਨਾ ਦਾ ਮੇਰੀ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਪਿਆ। ਇਸ ਅਨੁਭਵ ਤੋਂ ਮੈਂ ਸਿੱਖਿਆ ਕਿ ਸਾਨੂੰ ਕਿਸੇ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ ਅਤੇ ਹਰ ਕਿਸੇ ਦੀ ਯੋਗਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸੱਚੀ ਬਹਾਦਰੀ ਅਤੇ ਹਿੰਮਤ ਕਿਸੇ ਦੇ ਸਰੀਰਕ ਰੂਪ 'ਤੇ ਨਿਰਭਰ ਨਹੀਂ ਕਰਦੀ, ਸਗੋਂ ਉਨ੍ਹਾਂ ਦੇ ਇਰਾਦਿਆਂ ਅਤੇ ਵਿਸ਼ਵਾਸ 'ਤੇ ਨਿਰਭਰ ਕਰਦੀ ਹੈ। ਗੁੱਲੂ ਦੀ ਬਹਾਦੁਰੀ ਨੇ ਮੈਨੂੰ ਹਮੇਸ਼ਾ ਯਾਦ ਦਿਵਾਇਆ ਕਿ ਸਾਨੂੰ ਕਦੇ ਵੀ ਕਿਸੇ ਦਾ ਸਰੀਰਕ ਰੂਪ ਦੇਖ ਕੇ ਨਿਰਣਾ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਦੀ ਆਤਮਾ ਅਤੇ ਇਰਾਦਿਆਂ ਨੂੰ ਸਮਝਣਾ ਚਾਹੀਦਾ ਹੈ।



**ਪਵਨ ਕੁਮਾਰ ਅੱਤਰੀ**
**ਕਪੂਰਥਲਾ (ਪੰਜਾਬ)**
**E-Mial:-**
**pkattiiir@gmial.com**

# ਅਤੀਤ

ਕੁਲਤਾਰ ਸਿੰਘ ਕੱਪੜਿਆਂ ਵਾਲੀ ਅਲਮਾਰੀ ਖੋਹਲ ਕੇ ਅਜੇ ਸੋਚ ਹੀ ਰਿਹਾ ਸੀ ਕਿ ਅੱਜ ਲੱਕੀ ਦੇ ਵਿਆਹ ਤੇ ਜਾਣ ਲਈ ਉਹ ਕਿਹੜਾ ਸੂਟ ਪਾਵੇ, ਤਾਂ ਪਿਛੇ ਖੜੀ ਉਸ ਦੀ ਘਰਵਾਲੀ ਨਰਾਜ਼ਗੀ ਜਹੀ ਨਾਲ ਕਹਿਣ ਲੱਗੀ ਕਿ ਕਿਹਾ ਸੀ ਨਾ ਕਿ ਵਿਆਹ ਲਈ ਨਵਾਂ ਸੂਟ ਸਿਲਾ ਲਓ।

" ਰਣਜੀਤ ਕੌਰੇ ਇਹ ਕੋਟ ਪਿੰਟ, ਸਾਲ ਚ ਕਿਤੇ ਇੱਕ ਦੋ ਵਾਰ ਪਾ ਹੁੰਦੇ ਆ, ਕੀ ਫਾਇਦਾ ਅਲਮਾਰੀਆਂ ਭਰਨ ਦਾ।"

" ਲੋਕ ਪਾਉਂਦੇ ਈ ਆ, ਤੁਹਾਡੇ ਤੋਂ ਪਤਾ ਨਹੀਂ ਕਿਉਂ ਨਹੀਂ ਪਾਏ ਜਾਂਦੇ। ਸੌਹਰਿਆਂ ਦੇ ਘਰ ਵਿਆਹ ਸੀ, ਇੱਕ ਨਵਾਂ ਕੋਟ ਪਿੰਡ ਸੁਆ ਲੈਂਦੇ ਤਾਂ ਕੀ ਫਰਕ ਪੈ ਜਾਣਾਂ ਸੀ?" ਰਣਜੀਤ ਕੌਰ ਨਰਾਜ਼ ਹੋ ਰਹੀ ਸੀ।

ਰਣਜੀਤ ਕੌਰ ਦੀ ਗੱਲ ਸੁਣ ਕੇ ਪਤਾ ਨਹੀਂ ਕਿਉਂ ਅੱਜ ਕੁਲਤਾਰ ਨੂੰ ਆਪਣਾਂ ਅਤੀਤ ਯਾਦ ਆ ਗਿਆ ਸੀ। ਉਸ ਦੇ ਦਿਲ ਚ ਇੱਕ ਉਬਾਲ ਜਿਹਾ ਉਠਿਆ ਜੋ ਗੋਲਾ ਜਿਹਾ ਬਣ ਕੇ ਉਸ ਦੇ ਦਿਮਾਗ ਤੇ ਛਾ ਗਿਆ। ਉਸ ਦੇ ਚੇਹਰੇ ਤੇ ਉਦਾਸੀ ਭਰ ਗਈ ਤੇ ਉਸ ਦੀਆਂ ਅੱਖਾਂ ਨਮ ਹੋ ਗਈਆਂ। ਉਸ ਦੀਆਂ ਲੱਤਾਂ ਲੜਖੜਾ ਗਈਆਂ। ਆਪਣੇ ਆਪ ਨੂੰ ਸੰਭਾਲਦਾ ਹੋਇਆ ਉਹ ਲਾਗੇ ਪਈ ਕੁਰਸੀ ਤੇ ਬਹਿ ਗਿਆ ।

ਉਸ ਦੀ ਹਾਲਤ ਦੇਖ ਕੇ ਰਣਜੀਤ ਕੌਰ ਘਬਰਾ ਗਈ, " ਕੀ ਹੋਇਆ?" ਕੰਬਦੀ ਅਵਾਜ਼ ਚ ਉਹ ਮਸਾਂ ਹੀ ਪੁੱਛ ਸਕੀ।

" ਕੁੱਝ ਨਹੀਂ, ਪਤਾ ਨਹੀਂ ਕਿਉਂ ਅੱਜ ਅਤੀਤ ਯਾਦ ਆ ਗਿਆ। ਜਦੋਂ ਨਵੇਂ ਨਵੇਂ ਕੱਪੜੇ ਪਾਉਣ ਦਾ ਸੌਂਕ ਤੇ ਉਮਰ ਸੀ, ਉਸ ਦਿਨ ਕੱਪੜੇ ਨਹੀਂ ਸੀ। ਹਾੜੀ ਸਾਉਂਣੀ ਇੱਕ ਪਿੰਟ ਕਮੀਜ਼ ਮਿਲਦੀ ਸੀ, ਜੇ ਮੱਕੀ ਮਰ ਗਈ ਤਾਂ ਉਹ ਵੀ ਨਹੀਂ। ਅੱਜ ਜਦੋਂ ਨਵੇਂ ਨਵੇਂ ਕੱਪੜੇ ਪਾਉਣ ਦਾ ਸੌਂਕ/ਉਮਰ ਨਹੀਂ ਰਹੀ, ਤਾਂ ਕੱਪੜਿਆਂ ਨਾਲ ਅਲਮਾਰੀਆਂ ਭਰੀਆਂ ਪਈਆਂ। ਯਾਦ ਹੈ ਇਸੇ ਲੱਕੀ ਦੀ ਲੋਹੜੀ ਤੇ ਮੈਂ ਮੰਗਵੀ ਕੋਟੀ ਪਾ ਕੇ ਗਿਆ ਸੀ। " ਆਪਣਾ ਅਤੀਤ ਯਾਦ ਕਰਦਿਆਂ ਕੁਲਤਾਰ ਦੀਆਂ ਅੱਖਾਂ ਭਰ ਆਈਆਂ।ਲੱਕੀ ਦੀ ਲੋਹੜੀ ਦਾ ਦਿਨ ਯਾਦ ਆਉਂਦਿਆਂ ਹੀ ਰਣਜੀਤ ਕੌਰ ਦੇ ਦਿਲ ਚੋਂ ਆਹ ਨਿਕਲ ਗਈ। " ਚਲੋ ਛੱਡੋ ਹੁਣ ਉਨ੍ਹਾਂ ਗੱਲਾਂ ਨੂੰ। ਤੁਸੀਂ ਤਿਆਰ ਹੋਵੋ। ਜਿਹੜਾ ਮਰਜ਼ੀ ਸੂਟ ਪਾ ਲਓ। "

ਇੰਨਾ ਕਹਿੰਦੇ ਹੋਏ ਰਣਜੀਤ ਕੌਰ ਕਾਹਲੀ ਨਾਲ ਕਮਰੇ ਵਿੱਚੋਂ ਬਾਹਰ ਨਿਕਲ ਗਈ। ਕਿਉਂਕਿ ਉਹ ਨਹੀਂ ਸੀ ਚਾਹੁੰਦੀ ਕਿ ਉਸ ਦੇ ਚੇਹਰੇ ਤੇ ਉਭਰਿਆ ਅਤੀਤ ਦਾ ਦਰਦ ਦੇਖ ਕੇ ਕੁਲਤਾਰ ਸਿੰਘ ਹੋਰ ਉਦਾਸ ਹੋਏ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

# ਬਾਲੂਸ਼ਾਹੀਆਂ

"ਰੱਖ. ਇੱਥੇ ਰੱਖ. ਬਾਲੂਸ਼ਾਹੀ। ਕਿਓਂ ਚੁੱਕੀ. ਬਿਨਾਂ ਪੁੱਛੇ ਤੂੰ ਬਾਲੂਸ਼ਾਹੀ।" ਕਹਿੰਦੀ ਹੋਈ ਮੇਰੀ ਮਾਂ ਨੇ ਨਾਲ ਦੀ ਨਾਲ ਡਾਕਖਾਨੇ ਦੀ ਮੋਹਰ ਵਾਂਗੂ ਕੜਾਕ ਕਰਦਾ ਹੋਇਆ ਥੱਪੜ ਵੀ ਮੇਰੀ ਸੱਜੀ ਗੱਲ੍ਹ ਤੇ ਜੜ੍ਹ ਦਿੱਤਾ। ਉਸ ਦਿਨ ਮੈਂ ਮੇਰੀ ਮਾਂ ਦੇ ਨਾਲ ਗੁਆਂਢ ਵਿੱਚ ਰਹਿੰਦੀ ਮੇਰੀ ਤਾਈ ਕੋੜੋ ਕੇ ਵਿਆਹ ਵਾਲੇ ਘਰ ਗਿਆ ਸੀ। ਤਾਈ ਕੌੜੋ ਦੀ ਵੱਡੀ ਕੁੜੀ ਲੂੰਗੜ ਦਾ ਵਿਆਹ ਸੀ। ਸਾਡੇ ਤਾਏ ਦਾ ਨਾਂ ਜਸਵੰਤ ਸੀ। ਤਾਈ ਦੀ ਸੱਸ ਹਰਨਾਮ ਕੁਰ ਅਤੇ ਸਾਹੁਰਾ ਬਾਬਾ ਬਖਤੌਰ ਸਿੰਘ ਉਸੇ ਘਰ ਵਿੱਚ ਰਹਿੰਦੇ ਸਨ ਅਤੇ ਉਹ ਆਪਣਾ ਰੋਟੀ ਟੁੱਕ ਅਲਗ ਬੰਨਾਉਂਦੇ ਸੀ। ਪੋਤੀ ਦੇ ਵਿਆਹ ਕਰਕੇ ਹੁਣ ਉਹਨਾਂ ਨੇ ਸਾਰੇ ਕੋਠੇ ਵਿਆਹ ਲਈ ਦੇ ਦਿੱਤੇ ਸਨ। ਤਾਈ ਦੇ ਦੋ ਮੁੰਡੇ ਸਨ ਵੱਡੇ ਦਾ ਨਾਂ ਹਰਦਮ ਸੀ ਤੇ ਸਾਰੇ ਉਸਨੂੰ ਠੂਠਾ ਕਹਿੰਦੇ ਸਨ। ਛੋਟੇ ਦਾ ਨਾਮ ਮੰਦਰੀ ਸੀ ਸ਼ਾਇਦ।ਤਾਈ ਨੇ ਦੱਸਿਆ ਕਿ ਲੂੰਗੜ ਦਾ ਪ੍ਰਾਹੁਣਾ ਨਹਿਰੀ ਪਟਵਾਰੀ ਲੱਗਿਆ ਹੋਇਆ ਹੈ ਤੇ ਉਸ ਨੂੰ ਘਰ ਦੇ ਟੀਂਡਾ ਕਹਿੰਦੇ ਹਨ। ਓਦੋਂ ਜੁਆਕਾਂ ਦੇ ਘਰਦੇ ਨਾਮ ਬੜੇ ਅਜੀਬੋ ਗਰੀਬ ਹੁੰਦੇ ਸਨ। ਮੇਰੀ ਮਾਂ ਆਪਣੀ ਸਹੇਲੀ ਕੋਲ੍ਹ ਵਿਆਹ ਲਈ ਕੋਈ ਕੰਮਕਾਰ ਪੁੱਛਣ ਗਈ ਸੀ ਕੋਈ ਚੁੰਨੀ ਦੇ ਗੋਟਾ ਜਾਂ ਸੂਟ ਪੈਕਿੰਗ ਦਾ ਪੈਂਡਿੰਗ ਕੰਮ।ਤੇ ਗੱਲਾਂ ਕਰਦੀ ਕਰਦੀ ਤਾਈ ਕੁੰਜੀ ਚੁੱਕਕੇ ਜਿੰਦਰਾ ਖੋਲ੍ਹਦੀ ਹੋਈ ਸਾਨੂੰ ਮਿਠਾਈ ਵਾਲਾ ਕੋਠਾ ਦਿਖਾਉਣ ਲੱਗੀ। ਇੱਕ



ਮੰਜੇ ਤੇ ਲੱਡੂ ਪਏ ਸਨ ਤੇ ਇੱਕ ਤੇ ਜਲੇਬੀਆਂ। ਇੱਕ ਮੰਜਾ ਸ਼ੱਕਰਪਾਰਿਆਂ ਅਤੇ ਬੂੰਦੀ ਨਾਲ ਭਰਿਆ ਪਿਆ ਸੀ। ਦਰਵਾਜੇ ਦੇ ਨਾਲ ਵਾਲੇ ਮੰਜੇ ਤੇ ਤਾਜ਼ੀਆਂ ਬਣਾਈਆਂ ਬਾਲੂਸ਼ਾਹੀਆਂ ਪਈਆਂ ਸਨ। ਹੋਰ ਵੀ ਵੱਡੇ ਵੱਡੇ ਟੋਕਰੇ ਮਿਠਿਆਈਆਂ ਨਾਲ ਭਰੇ ਪਏ ਸਨ। ਬਾਲੂਸ਼ਾਹੀਆਂ ਵੇਖਕੇ ਮੈਥੋਂ ਰਿਹਾ ਨਾ ਗਿਆ ਤੇ ਮੈਂ ਆਪਣੀ ਕਾਰਵਾਈ ਪਾ ਦਿੱਤੀ। ਜੋ ਮੇਰੀ ਰੱਬ ਵਰਗੀ ਮਾਂ ਤੋਂ ਬਰਦਾਸਤ ਨਾ ਹੋਈ ਤੇ ਉਸਨੇ ਵੀ ਤਰੁੰਤ ਐਕਸ਼ਨ ਲੈ ਲਿਆ।

"ਨਾ ਕਰਤਾਰ ਕੁਰੇ ਨਾ, ਜੁਆਕ ਨੂੰ ਕਿਉਂ ਮਾਰਦੀ ਹੈ। ਇਹ ਖਾਣ ਵਾਸਤੇ ਹੀ ਬਣਾਈਆਂ ਹਨ। ਲੈ ਪੁੱਤ ਆਹ ਘਰੇ ਵੀ ਲੈਜਾ।" ਤਾਈ ਨੇ ਮੈਨੂੰ ਪੰਜ ਛੇ ਬਾਲੂਸ਼ਾਹੀਆਂ ਹੱਥ ਚ ਫੜਾਉਦੀ ਹੋਈ ਨੇ ਕਿਹਾ। ਨਾਲੇ ਓਦੋਂ ਕਿਹੜਾ ਪਲਾਸਟਿਕ ਵਾਲੇ ਲਿਫਾਫੇ ਹੁੰਦੇ ਸਨ।



**ਰਮੇਸ਼ ਸੇਠੀ ਬਾਦਲ**
**9876627233**
**#114 ਸੀਸ਼ਮਹਿਲ ਬਠਿੰਡਾ**

# ਅੰਡੇ ਨਾ ਖਾਣਾ ਸਾਡੀ ਕਿੰਨੀ ਬੇਵਕੂਫ਼ੀ ਹੈ ?



ਵੈਸੇ ਤਾਂ ਵਿਹਲਾ ਬੈਠਾ ਬੰਦਾ ਹਮੇਸ਼ਾ, ਊਟ ਪਟਾਂਗ ਹੀ ਸੋਚਦਾ ਹੈ। ਅੱਜ ਮੇਰੇ ਬੈਠੇ ਬੈਠੇ ਖਿਆਲ ਆਇਆ, ਕਿ ਉਹ ਲੋਕ ਕਿੰਨੀ ਬੇਵਕੂਫੀ ਕਰਦੇ ਜਿਹੜੇ ਅੰਡੇ ਨਹੀਂ ਖਾਂਦੇ। ਹੁਣ ਤੁਸੀਂ ਖੁਦ ਹੀ ਸੋਚੋ, ਕਿ ਮੁਰਗੀਆਂ ਇੰਨੀ ਵੱਡੀ ਤਦਾਦ ਵਿਚ ਅੰਡੇ ਇਸ ਲਈ ਤਾਂ ਨਹੀਂ ਦਿੰਦੀਆਂ ਹੋਣੀਆਂ ਕਿ ਇਹਦੇ ਵਿਚ ਕੋਈ ਉਹਨਾਂ ਨੂੰ ਖੁਸ਼ੀ ਮਿਲਦੀ ਹੈ। ਜਾਂ ਉਹਨਾਂ ਨੇ ਇਹ ਬਾਅਦ ਵਿੱਚ ਆਪਣੇ ਜਵਾਕਾਂ ਲਈ ਕੋਈ ਪ੍ਰਾਪਰਟੀ ਜੋੜ ਕੇ ਰੱਖਣੀ ਹੈ। ਇਹ ਸਭ ਮਿਹਨਤ ਉਹ ਤੁਹਾਡੇ ਲਈ ਕਰਦੀਆਂ ਹਨ। ਅੰਡਾ ਦੇਣਾ ਕੋਈ ਸੌਖੀ ਗੱਲ ਨਹੀਂ ? ਵਿਚਾਰੀ ਦਾ ਕਿੰਨਾ ਜੋਰ ਲਗਦਾ ਹੋਣਾ ? ਉੱਤੋਂ ਹੈਰਾਨੀ ਦੇਖੋ, ਕਿ ਇਹ ਅੰਡਾ ਦੇ ਕੇ ਚੁੱਪ ਨਹੀਂ ਬਹਿੰਦੀਆਂ। ਬਲਕਿ ਜੋਰ ਜੋਰ ਦੀ ਬੋਲ ਕੇ ਦੱਸਦੀਆਂ, ਕਿ ਤੁਹਾਡੇ ਲਈ ਪ੍ਰੋਟੀਨ ਦਾ ਇੰਤਜ਼ਾਮ ਹੋ ਗਿਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਅਸੀਂ ਉਸ ਮੁਰਗੀ ਦੀ ਗੱਲ ਨਹੀਂ ਮੰਨਦੇ, ਜਿਸ ਨੇ ਸਾਡੇ ਲਈ ਇੰਨੀ ਮਿਹਨਤ ਕੀਤੀ ਤੇ ਤੰਗੀ ਉਠਾਈ। ਸਗੋਂ ਉਸ ਬਾਬੇ ਦੀਆਂ ਗੱਲਾਂ ਵਿਚ ਆ ਕੇ ਅੰਡਾ ਮੀਟ ਛੱਡ ਬੈਠਦੇ ਹਾਂ, ਜਿਹੜੇ ਸਾਲ਼ੇ ਖੁਦ ਹੀ ਕਿਸੇ ਧਰਮ ਦੇ ਪੱਕੇ ਨਹੀਂ ਹੁੰਦੇ। ਸਗੋਂ ਤੁਹਾਡੇ ਪੈਸਿਆਂ ਤੇ ਪਲਦੇ ਨੇ, ਤੁਹਾਨੂੰ ਚੰਗੀਆਂ ਚੀਜ਼ਾਂ ਤੋਂ ਦੂਰ ਰੱਖ ਕੇ ਬਿਮਾਰ ਕਰਦੇ ਨੇ। ਤੇ ਫਿਰ ਤੁਹਾਨੂੰ ਹੀ ਆਪਣੇ ਵੱਲੋਂ ਬਣਾਈਆਂ ਦਵਾਈਆਂ ਦੇ ਕੇ ਬਚੇ ਪੈਸੇ ਤੁਹਾਡੀਆਂ ਜੇਬਾਂ ਵਿਚੋਂ ਕੱਢਦੇਨੇ। ਸਿਰਸੇ ਵਾਲਾ, ਆਸਾ ਰਾਮ, ਸ਼੍ਰੀ ਸ਼੍ਰੀ, ਕਾਣਾ ਰਾਮਦੇਵ ਸਭ ਦਵਾਈਆਂ ਵੇਚ ਰਹੇ ਨੇ।

ਸੋ ਭਾਈ, ਹਕੀਕਤ ਸਮਝੋ। ਇਹਨਾ ਦੀਆਂ ਗੱਲਾਂ ਵਿਚ ਆ ਕੇ ਚੰਗੀਆਂ ਚੀਜ਼ਾਂ ਤਿਆਗ ਕੇ ਬਿਮਾਰੀਆਂ ਮੁੱਲ ਨਾ ਖਰੀਦੋ। ਸੰਡੇ ਹੋ ਜਾਂ ਮੰਡੇ, ਕਦੇ ਨਾ ਛੱਡੋ ਮੀਟ ਮੱਛੀ ਤੇ ਅੰਡੇ।

ਸਵਸਥ ਖਾਣੇ, ਸਵਸਥ ਸਿਹਤ ਦਾ ਹੋਕਾ ਦੇਣ ਵਾਲਾ
ਤੁਹਾਡਾ ਆਪਣਾ



**ਵੈਦ ਬਲਵਿੰਦਰ ਸਿੰਘ ਢਿੱਲੋਂ**

# ਧੰਨੁ ਲਿਖਾਰੀ ਨਾਨਕਾ

**ਦੁਨੀਆਂ** ਨੂੰ, ਹਾਲ ਸੁਣਾਉਂਦਾ ਸੁਣਾਉਂਦਾ, ਲੰਘ ਜਾਵਾਂ। ਅੰਤਿਮ ਇੱਛਾ ਮੇਰੀ,,ਲਿਖਦਾ ਲਿਖਦਾ ਹੀ, ਮਰ ਜਾਵਾਂ। ਆਵਾਜ਼ ਮੇਰੀ ਨੂੰ, ਨੱਪ ਨਾ ਸਕੇ ਕੋਈ, ਸਭ ਨੂੰ ਸੱਚ ਸੁਣਾਵਾਂ। ਮਾਇਆ ਦੇ ਢੇਰ, ਲਾਉਣ ਦੀ, ਲੋੜ ਨਹੀਂ, ਲੋੜ ਮੁਤਾਬਿਕ, ਜੋ ਰੱਬ ਦਿੰਦਾ, ਉਸੇ ਨਾਲ,ਗੁਜ਼ਾਰਾ ਚਲਾਵਾਂ। ਲੋਕੀਂ ਇਸ਼ਕ ਹਕੀਕੀ ਦੇ, ਸੱਚੇ ਸੋਹਲੇ ਗਾਉਂਦੇ, ਪਰ ਮੈਂ,ਸੱਚੇ ਪ੍ਰਭੂ ਨੂੰ ਧਿਆਵਾਂ। ਨਿਮਾਣਾ ਜਿਹਾ ਲਿਖਾਰੀ, ਤੇਰੇ ਹੀ, ਸਦਾ ਗੁਣ ਗਾਵਾਂ। ਕੋਈ ਆਖੇ ਕਮਲਾ, ਬੌਖਲਾਇਆ, ਜਦੋਂ ਆਪਣੀ ਧੁਨ ਵਿੱਚ ਗੀਤ ਸੁਣਾਵਾਂ। ਕਈ ਲਿਖਾਰੀਆਂ ਤੋਂ ਪੱਤਰਕਾਰ, ਪੱਤਰਕਾਰਾਂ ਤੋਂ ਬਣ ਜਾਣ ਲਿਖਾਰੀ। ਰਮੇਸ਼ਵਰ ਸਿੰਘ ਜੀ ਨੇ, ਇਸ ਕੰਮ ਵਿੱਚ ਹੈ ਬਾਜ਼ੀ ਮਾਰੀ।ਨੇਵੀ ਅਫਸਰ ਤੋਂ ਬਣੇ, ਸਮਾਜ ਸੇਵੀ, ਵਰਦੀਆਂ ਗੋਲੀਆਂ ਵਿੱਚ, ਗਾਜ਼ਾ ਵਿੱਚ, ਲੋਕਾਂ ਦੀ, ਜੂਨ ਸੁਧਾਰੀ।ਗਰੀਬੀ ਮਾਰੀ, ਜਨਤਾ ਸੀ ਬਹੁਤ ਭਾਰੀ। ਪੱਤਰਕਾਰੀ ਨੇ ਬਾਂਹ ਫੜੀ, ਕਰਾਈ ਜੈ ਮਾਤਾ ਨੇ ਸ਼ੇਰ ਦੀ ਸਵਾਰੀ। ਲਿਖਾਰੀਆਂ ਦੀ, ਜੇ ਧੁੰਨ ਲੱਗ ਜਾਵੇ, ਲਿਖ ਲਿਖ ਮਾਰਨ ਗ੍ਰੰਥ। ਮੈਂ, ਮੈਂ ਦੇ, ਹੰਕਾਰ ਵਿੱਚ, ਫਿਰ ਚਲਾਉਣ ਆਪਣਾ ਪੰਥ। ਆਪਣੀ ਕੋਈ, ਤਮੰਨਾ ਨਹੀਂ, ਇਹੋ ਜਿਹੀ, ਸ਼ੁਕਰ ਕਰੀਏ ਰੱਬ ਦਾ, ਬਣਾਇਆ ਜਿਸ ਗੁਣਵੰਤ। ਧੰਨੁ ਲਿਖਾਰੀ ਨਾਨਕਾ, ਉਸ ਸੂਅਰ ਉਸ ਗਾਇ। ਧਰਤ ਭਰੀ ਹਰਿਆਵਲੀ ਜਿੱਥੇ ਮੇਰਾ ਸਤਿਗੁਰੁ ਬੈਠਾ ਆਇ। ਨਵੀਂ ਧਰਤੀ, ਆਸਟ੍ਰੇਲੀਆ ਦੀ, ਪ੍ਰਦੂਸ਼ਣ ਦਾ ਨਾਮੋ ਨਿਸ਼ਾਨ ਨਹੀਂ, ਸਾਫ ਸੁਥਰੀ ਹੈ ਆਬੋ ਹਵਾ। ਪੰਛੀ, ਪਰਿੰਦੇ, ਮਾਰਨ ਉਡਾਰੀਆਂ, ਹੁੰਦੇ ਨਹੀਂ ਕਿਸੇ ਤੇ ਖਫਾ। ਗਲਹਿਰੀ,ਕਾਟੋ,ਮੋਰ, ਬਾਂਦਰ, ਕਿਤੇ ਲੱਭਿਆਂ ਵੀ ਨ੍ਹੀਂ ਲੱਭਦੇ। ਮੋਰਨੀ ਅਜੀਬ ਕਿਸਮ ਦੀ, ਮੌਂਟ ਕੂ-ਥਾ ਦੀ ਸਿਖਰ ਤੇ ਚੜ੍ਹ ਕੇ ਦਿੱਤੀ ਦਿਖਾਈ। ਕੁਦਰਤ ਨੇ,ਗਲ ਵਿੱਚ ਮਾਲਾ ਪਾਈ, ਸਾਧੂ ਰੰਗੀ ਦਿੰਦੀ ਸੀ ਦਿਖਾਈ। ਕੰਗਾਰੂ, ਇਨ੍ਹਾਂ ਦਾ ਕੌਮੀ ਪੰਛੀ,ਚੂੰਗੀਆਂ ਭਰਦਾ ਜਾਵੇ। ਬਿਲਕੁਲ ਸਾਊ, ਨੇੜੇ ਆਉਣ ਤੋਂ ਘਬਰਾਵੇ। ਬੰਦੇ ਵੀ ਸਾਊ,ਘੱਟ ਬੋਲਦੇ, ਮੁਸਕ੍ਰਾਹਟ ਨਾਲ, ਹੀ ਦਿਲ ਖੋਲ੍ਹਦੇ। ਹੈਲੋ ਹਾਏ,ਨਮਨ ਕਰਦੇ,ਅਪਣਾ ਦਿਲ ਫਰੋਲਦੇ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ : 9878469639**

## ਜਨਮਦਿਨ ਮੁਬਾਰਕ



**ਪ੍ਰਭਜੋਤ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਗਲੋਬਲ ਇਨਕਲੇਵ ਮੋਰਿੰਡਾ ਨੂੰ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ ਹੋਣ।**

# ਰੇਲ ਕੋਚ ਫੈਕਟਰੀ,ਵਿਖੇ ਕਰਮਚਾਰੀ ਰਾਜ ਬੀਮਾ ਨਿਗਮ ਬਾਰੇ ਇੱਕ-ਰੋਜ਼ਾ ਜਾਗਰੂਕਤਾ ਸੈਮੀਨਾਰ ਦਾ ਆਯੋਜਨ

**ਕਪੂਰਥਲਾ, (ਕੌੜਾ)-** ਰੇਲ ਕੋਚ ਫੈਕਟਰੀ , ਕਪੂਰਥਲਾ ਵਿਖੇ ਕਰਮਚਾਰੀ ਰਾਜ ਬੀਮਾ ਨਿਗਮ ਬਾਰੇ ਇੱਕ-ਰੋਜ਼ਾ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਉਪ-ਖੇਤਰੀ ਦਫ਼ਤਰ , ਜਲੰਧਰ, ਕਰਮਚਾਰੀ ਰਾਜ ਬੀਮਾ ਨਿਗਮ ਵਿਭਾਗ ਦੀ ਅਗਵਾਈ ਹੇਠ ਠੇਕੇਦਾਰਾਂ ਅਤੇ ਸੰਬੰਧਿਤ ਕਰਮਚਾਰੀਆਂ ਵਿੱਚ ਬੀਮਾ ਲਾਭਾਂ, ਕਵਰੇਜ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਕਰਵਾਇਆ ਗਿਆ। ਰੇਲ ਕੋਚ ਫੈਕਟਰੀ ਠੇਕੇਦਾਰਾਂ ਸਮੇਤ ਲਗਭਗ 100 ਭਾਗੀਦਾਰਾਂ ਨੇ ਸੈਮੀਨਾਰ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਰੇਲ ਕੋਚ ਫੈਕਟਰੀ ਦੇ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਰਹੀ, ਜਿਨ੍ਹਾਂ ਵਿੱਚ ਸ਼੍ਰੀ ਅਭੇ ਪ੍ਰਿਆ ਡੋਗਰਾ, ਡਿਪਟੀ ਸੀ ਐਮ ਈ/ਕੋ-ਆਰਡੀਨੇਸ਼ਨ ; ਸ਼੍ਰੀ ਆਨੰਦ ਪ੍ਰਕਾਸ਼ ਅਗਰਵਾਲ, ਡਿਪਟੀ ਸੀਐਮਈ/ਸ਼ੈਲ; ਸ਼੍ਰੀ ਵੇਦ ਪ੍ਰਕਾਸ਼ ਮੀਨਾ, ਡਿਪਟੀ ਸੀਪੀਈ-II; ਸ਼੍ਰੀ ਰਘੁਬੀਰ ਸਿੰਘ ਦਿਓੜਾ, ਡਿਪਟੀ ਸੀਐਮਈ/ਕਵਾਲਿਟੀ -ííí; ਸ਼੍ਰੀ ਅਭਿਨਵ ਸਿੰਗਲਾ, ਡਿਪਟੀ ਸੀਐਮਈ/ਫੁਰਨਿਸ਼ਿੰਗ ; ਅਤੇ ਸ਼੍ਰੀ ਜਗਮੀਤ ਸਿੰਘ, ਮੁੱਖ ਸੇਫਟੀ ਅਧਿਕਾਰੀ ਮੌਜੂਦ ਸਨ । ਸ਼ੁਰੂ ਵਿੱਚ, ਸ਼੍ਰੀ ਅਭੇ ਪ੍ਰਿਆ ਡੋਗਰਾ, ਡਿਪਟੀ ਸੀਐਮਈ/ਕੋ-



ਆਰਡੀਨੇਸ਼ਨ , ਨੇ ਸ਼੍ਰੀ ਸੁਨੀਲ ਕੁਮਾਰ ਯਾਦਵ, ਸੰਯੁਕਤ ਨਿਰਦੇਸ਼ਕ, ਐਸਆਰਓ ਈਐਸਆਈਸੀ ਦਫਤਰ, ਜਲੰਧਰ, ਅਤੇ ਸ਼੍ਰੀ ਕਪਿਲ ਸਲੋਦੀਆ, ਸਹਾਇਕ ਨਿਰਦੇਸ਼ਕ, ਈਐਸਆਈਸੀ ਦਾ ਨਿੱਘਾ ਸਵਾਗਤ ਕੀਤਾ। ਸ਼੍ਰੀ ਜਗਮੀਤ ਸਿੰਘ, ਮੁੱਖ ਸੇਫ਼ਟੀ ਅਧਿਕਾਰੀ, ਨੇ ਸ਼੍ਰੀ ਉੱਤਮ ਕੁਮਾਰ, ਐਸਐਸਓ, ਈਐਸਆਈਸੀ ਦਫਤਰ, ਫਗਵਾੜਾ ਦਾ ਵੀ ਸਵਾਗਤ ਕੀਤਾ। ਤਕਨੀਕੀ ਸੈਸ਼ਨ ਦੌਰਾਨ, ਸ਼੍ਰੀ ਸੁਨੀਲ ਕੁਮਾਰ ਯਾਦਵ ਨੇ ਠੇਕਾ ਮਜ਼ਦੂਰਾਂ ਲਈ ਈਐਸਆਈਸੀ ਯੋਜਨਾ ਦੇ ਲਾਭਾਂ ਬਾਰੇ ਇੱਕ ਵਿਸਤਾਰਿਤ ਭਾਸ਼ਣ ਦਿੱਤਾ, ਜਿਸ ਵਿੱਚ ਯੋਜਨਾ ਦੇ ਅਧੀਨ ਕਵਰੇਜ ਅਤੇ ਠੇਕੇਦਾਰਾਂ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਸ਼੍ਰੀ ਕਪਿਲ ਸਲੋਦੀਆ ਨੇ ਭਾਗੀਦਾਰਾਂ ਨੂੰ ਈਐਸਆਈਸੀ ਦੀ ਸਪਰੀ (ਰੁਜ਼ਗਾਰਦਾਤਾਵਾਂ ਅਤੇ ਕਰਮਚਾਰੀਆਂ ਦੀ ਰਜਿਸਟ੍ਰੇਸ਼ਨ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ) ਪਹਿਲਕਦਮੀ ਤੋਂ ਜਾਣੂ ਕਰਵਾਇਆ ਅਤੇ ਇਸ ਯੋਜਨਾ ਦੇ ਤਹਿਤ ਰਜਿਸਟ੍ਰੇਸ਼ਨ ਦੇ ਫਾਇਦਿਆਂ 'ਤੇ ਚਾਨਣਾ ਪਾਇਆ।ਸੈਮੀਨਾਰ ਦਾ ਸਮਾਪਨ ਮੁੱਖ ਸੇਫ਼ਟੀ ਅਧਿਕਾਰੀ ਸ਼੍ਰੀ ਜਗਮੀਤ ਸਿੰਘ ਦੇ ਧੰਨਵਾਦ ਨਾਲ ਹੋਇਆ। ਜਿਨ੍ਹਾਂ ਨੇ ਕਰਮਚਾਰੀ ਰਾਜ ਬੀਮਾ ਨਿਗਮ ਅਧਿਕਾਰੀਆਂ ਦੇ ਕੀਮਤੀ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਠੇਕਾ ਕਰਮਚਾਰੀਆਂ ਦੀ ਭਲਾਈ ਦੀ ਰੱਖਿਆ ਲਈ ਕਰਮਚਾਰੀ ਰਾਜ ਬੀਮਾ ਨਿਗਮ ਨਿਯਮਾਂ ਦੀ ਪਾਲਣਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ।


BUDDHA DHAMMA ASSOCIATION

Cordially invites you, your family, and friends to a Special Gathering to warmly welcome

Mr. Mohinder Sallan & Mrs. Sujata Sallan

(Younger daughter of the Late Shri L. R. Balley Ji)





Venue: Ambedkar Hall, 12 Featherstone Road, Southall, UB2 5AA (Rear Entrance)

Date: Sunday, 16th November 2025

Time: 6:30 PM Sharp

Let us come together to extend our heartfelt welcome and to honour the inspiring legacy of

Late Shri L. R. Balley Ji

a devoted follower of Babasaheb Dr. B. R. Ambedkar's Misssion and the Buddha Dhamma

C. Gautam - 07956 918053 Dr. Jagdish Gaware - +44 7904 909181

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com